19-AUG-PAGE-1.qxd 8/18/2023 9:45 PM Page 1

ਸ਼ਨੀਵਾਰ, 19 ਅਗਸਤ, 2023
3 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 78

ਨਵਾਂ ਜ਼ਮਾਨਾ

DAILY NAWAN ZAMANA • SATURDAY, 19 AUGUST, 2023

ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਹੱਕ ਹਾਸਲ ਕਰਨ ਲਈ ਨਰੇਗਾ ਕਾਮਿਆਂ ਨੂੰ ਜਥੇਬੰਦੀ ਮਜ਼ਬੂਤ ਕਰਨੀ ਜ਼ਰੂਰੀ : ਜਗਰੂਪ

ਨਰੇਗਾ ਕਾਮਿਆਂ ਨਾਲ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਗਦਾਈਆ, ਖੋਸਾ

ਮੁਕਤਸਰ (ਸ਼ਮਿੰਦਰਪਾਲ, ਪੂਜਾ)

ਕੇਂਦਰ ਦੀ ਮੋਦੀ ਹਕੂਮਤ ਦਾ ਸੂਫੜਾ ਸਾਫ ਕਰਨ ਲਈ ਦੇਸ਼ ਦੇ ਨਰੇਗਾ ਕਾਮਿਆਂ ਨੂੰ ਆਪਣੀ ਜਥੇਬੰਦੀ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਰਜਿ.) ਏਟਕ ਜੋ ਦੇਸ਼ ਪੱਧਰੀ ਜਥੇਬੰਦੀ ਨਰੇਗਾ ਵਰਕਰਜ਼ ਫੈਡਰੇਸ਼ਨ ਨਾਲ ਸੰਬੰਧਤ ਹੈ, ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਇੱਕ ਕਰਨਾ ਹੋਵੇਗਾ, ਤਾਂ ਹੀ ਦੇਸ਼ ਵਿੱਚ ਨਰੇਗਾ ਹੱਕ ਪ੍ਰਾਪਤ ਹੋ ਸਕੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਰਜਿ.) ਏਟਕ ਦੇ ਸੂਬਾ ਮੁੱਖ ਸਲਾਹਕਾਰ ਕਾਮਰੇਡ ਜਗਰੂਪ ਨੇ ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਵੱਲੋਂ ਮੁਕਤਸਰ ਸਾਹਿਬ ਦੇ ਬੱਸ ਅੱਡੇ ਵਿੱਚ ਆਯੋਜਿਤ ਕਿਰਤੀਆਂ ਦੀ ਰੈਲੀ ਨੂੰ ਸੰਬੋਧਨ ਕਰਦਿਆਂ ਕੀਤਾ। ਕਾਮਰੇਡ ਜਗਰੂਪ ਨੇ ਕਿਹਾ ਕਿ ਖੇਤੀਬਾੜੀ 'ਚ ਵਧ ਰਹੇ ਮਸ਼ੀਨੀਕਰਨ ਨੇ ਪੇਂਡੂ ਕਾਮਿਆਂ ਨੂੰ ਵਿਹਲੇ ਕਰ ਦਿੱਤਾ ਸੀ, ਜਿਸ ਕਰਕੇ 2005 ਦੀ ਯੂ ਪੀ ਏ 1 ਸਰਕਾਰ ਨੇ ਪੇਂਡੂ ਕਿਰਤੀਆਂ ਦੀ ਬਿਹਤਰੀ ਲਈ ਨਰੇਗਾ ਹੋਂਦ ਵਿੱਚ ਲਿਆਂਦਾ। ਜੇਕਰ ਇਹ ਕਾਨੂੰਨ ਸਹੀ ਤਰੀਕੇ ਨਾਲ ਲਾਗੂ ਕੀਤਾ ਜਾਵੇ ਤਾਂ ਇਹ ਪੇਂਡੂ ਕਿਰਤੀਆਂ ਲਈ ਬਹੁਤ ਵੱਡਾ ਸਹਾਰਾ ਬਣ ਸਕਦਾ ਹੈ, ਪਰ ਕਿਰਤ ਵਿਰੋਧੀ ਸਰਕਾਰਾਂ ਦੀ ਨਰੇਗਾ ਵਿਰੋਧੀ ਪਹੁੰਚ ਕਾਰਨ ਨਰੇਗਾ ਮਜ਼ਦੂਰਾਂ ਨਾਲ ਬੇਇਨਸਾਫੀ ਹੋ ਰਹੀ ਹੈ। ਇਸ ਨੂੰ ਰੋਕਣ ਅਤੇ ਪੂਰਾ ਹੱਕ ਪ੍ਰਾਪਤ ਕਰਨ ਲਈ ਕੇਂਦਰ ਦੀ ਮੋਦੀ ਸਰਕਾਰ ਨੂੰ ਚਲਦਾ ਕਰਨਾ ਬਹੁਤ ਜ਼ਰੂਰੀ ਹੈ। ਉਹਨਾਂ ਅੱਗੇ ਕਿਹਾ ਕਿ ਨਰੇਗਾ ਐਕਟ ਮੁਤਾਬਕ ਪੰਜਾਬ ਦੇ ਲੋਕਾਂ ਨੂੰ ਦਿਹੜੀ 398 ਰੁਪਏ ਮਿਲਣੀ ਚਾਹੀਦੀ ਹੈ, ਪਰ ਇੱਥੇ 303 ਰੁਪਏ ਦੇ ਕੇ ਇੱਕ ਸਾਲ ਦੇ 9500 ਰੁਪਏ ਮਜ਼ਦੂਰਾਂ ਦੇ ਮਾਰੇ ਜਾ ਰਹੇ ਹਨ, ਜਿਸ ਨੂੰ ਅਸੀਂ ਕਿਸੇ ਵੀ ਤਰ੍ਹਾਂ ਬਰਦਾਸ਼ਤ ਨਹੀਂ ਕਰਾਂਗੇ। ਯੂਨੀਅਨ ਦੇ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ ਅਤੇ ਜਨਰਲ ਸਕੱਤਰ ਜਗਸੀਰ ਖੋਸਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਰੇਗਾ ਮਜ਼ਦੂਰਾਂ ਨੂੰ ਪੂਰਾ ਕੰਮ ਨਾ ਦੇ ਕੇ ਮਜ਼ਦੂਰਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ, ਜਿਸ ਦਾ ਚੇਤਨ ਮਜ਼ਦੂਰ ਆਉਣ ਵਾਲੇ ਸਮੇਂ ਵਿੱਚ ਜਵਾਬ ਦੇਣਗੇ। ਉਹਨਾਂ ਕਿਹਾ ਕਿ ਅੱਜ ਦੀ ਮਹਿੰਗਾਈ ਦੇ ਹਿਸਾਬ ਨਾਲ ਨਰੇਗਾ ਦਿਹਾੜੀ ਰੇਟ 1000 ਰੁਪਏ ਹੋਣੀ ਚਾਹੀਦੀ ਹੈ, ਕੰਮ ਦੇ ਦਿਨਾਂ ਦੀ ਗਾਰੰਟੀ 200 ਦਿਨ ਹੋਵੇ, ਨਰੇਗਾ ਫੰਡ ਰਾਸ਼ੀ ਦੀ ਵੰਡ ਅਨੁਪਾਤ 60:40 ਦੀ ਦੁਰਵਰਤੋਂ ਰੋਕੀ ਜਾਵੇ, ਸਾਰਾ ਡਾਟਾ ਜਾਬ ਕਾਰਡ 'ਤੇ ਦਰਜ ਹੋਵੇ, ਇਸ ਲਈ ਗਰਾਮ ਸੇਵਕ ਜ਼ਿੰਮੇਵਾਰ ਹੋਵੇ, ਜਿਨ੍ਹਾਂ ਕਾਮਿਆਂ ਦੀ ਅਦਾਇਗੀ ਪਿਛਲੇ ਸਮੇਂ ਤੋਂ ਰੁਕੀ ਹੋਈ ਹੈ, ਉਸ ਨੂੰ ਤੁਰੰਤ ਜਾਰੀ ਕੀਤਾ ਜਾਵੇ, ਨਰੇਗਾ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕੀਤਾ ਜਾਵੇ। ਬੱਸ ਸਟੈਂਡ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਇਕੱਤਰ ਹੋਏ ਨਰੇਗਾ ਕਾਮੇ ਬਾਅਦ ਵਿੱਚ ਬੱਸ ਸਟੈਂਡ ਤੋਂ ਮਾਰਚ ਕਰਦੇ ਹੋਏ ਡਿਪਟੀ ਕਮਿਸ਼ਨਰ ਦਫਤਰ ਵਿਖੇ ਪਹੁੰਚੇ। ਇਸ ਮੌਕੇ ਡਿਪਟੀ ਕਮਿਸ਼ਨਰ ਦੇ ਦਫਤਰ ਵਿਚ ਨਾ ਹੋਣ ਕਾਰਨ ਤਹਿਸੀਲਦਾਰ ਸੁਖਬੀਰ ਸਿੰਘ ਬਰਾੜ ਨੇ ਆਗੂਆਂ ਤੋਂ ਮੰਗ ਪੱਤਰ ਪ੍ਰਾਪਤ ਕਰਕੇ ਪ੍ਰਧਾਨ ਮੰਤਰੀ ਤੱਕ ਵਿਸ਼ਵਾਸ ਦਿਵਾਇਆ। ਲੋਕਲ ਲੈਵਲ ਦੀਆਂ ਸਮੱਸਿਆਵਾਂ ਦੇ ਹੱਲ ਲਈ ਯੂਨੀਅਨ ਦੇ ਆਗੂਆਂ ਨਾਲ ਡਿਪਟੀ ਕਮਿਸਨਰ ਦੀ ਸੋਮਵਾਰ 21/08/2023 ਨੂੰ ਮੀਟਿੰਗ ਤੈਅ ਕਰਵਾਈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਲਾਭ ਸਿੰਘ ਜ਼ਿਲ੍ਹਾ ਸਕੱਤਰ ਸੀ.ਪੀ.ਆਈ. ਬੋਹੜ ਸਿੰਘ ਸੁਖਨਾ ਜ਼ਿਲ੍ਹਾ ਪ੍ਰਧਾਨ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ, ਸੁਰਜੀਤ ਸਿੰਘ ਛੱਤੇਆਣਾ, ਹਰਵਿੰਦਰ ਸਿੰਘ ਲੰਬੀ, ਗੁਰਤੇਜ ਬਾਮ, ਸੁਖਵਿੰਦਰ ਮਲੋਟ, ਕਾਮਰੇਡ ਰਜਿੰਦਰ ਕੁਮਾਰ ਮਲੋਟ, ਹੀਰਾ ਸਿੰਘ ਆਦਨੀਆ, ਚੰਬਾ ਸਿੰਘ, ਬੋਹੜ ਸਿੰਘ ਖੂਨਣ ਕਲਾਂ, ਬਿੰਦਰ ਸਿੰਘ ਖੂਨਣ ਕਲਾਂ, ਸ਼ਮਸ਼ੇਰ ਸਿੰਘ ਥਾਂਦੇਵਾਲਾ, ਜਸਵਿੰਦਰ ਸਾਹਿਬ ਚੰਦ, ਮਨਜੀਤ ਬਰਕੰਦੀ, ਮੱਖਣ ਸਿੰਘ ਰੋੜਾਂਵਾਲੀ, ਗੁਰਮੇਲ ਸਿੰਘ ਛੱਤਿਆਣਾ, ਵੀਰਾਂ ਕੌਰ ਜੰਮਉਆਣ , ਮਨਦੀਪ ਕੌਰ ਵਿਰਕਾ, ਰਿੰਕੂ ਰਾਣੀ ਸੰਗੂਧੌਣ ਅਤੇ ਕੁਲਵੰਤ ਕੌਰ ਨੇ ਵੀ ਸੰਬੋਧਨ ਕੀਤਾ

ਰਾਹੁਲ ਅਮੇਠੀ ਤੋਂ ਚੋਣ ਲੜਨਗੇ

ਯੂ ਪੀ ਦੇ ਨਵੇਂ ਪਾਰਟੀ ਪ੍ਰਧਾਨ ਨੇ ਕੀਤਾ ਐਲਾਨ

ਲਖਨਊ : ਯੂ ਪੀ ਕਾਂਗਰਸ ਦਾ ਨਵਾਂ ਪ੍ਰਧਾਨ ਐਲਾਨੇ ਜਾਣ ਦੇ ਇਕ ਦਿਨ ਬਾਅਦ ਅਜੈ ਰਾਇ ਨੇ ਸ਼ੁੱਕਰਵਾਰ ਦਾਅਵਾ ਕੀਤਾ ਕਿ ਰਾਹੁਲ ਗਾਂਧੀ ਅਗਲੀ ਲੋਕ ਸਭਾ ਚੋਣ ਅਮੇਠੀ ਤੋਂ ਯਕੀਨਨ ਲੜਨਗੇ। ਪ੍ਰਿਅੰਕਾ ਗਾਂਧੀ ਜਿੱਥੋਂ ਚਾਹੇਗੀ, ਲੜੇਗੀ। ਜੇ ਉਹ ਵਾਰਾਨਸੀ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੁਕਾਬਲੇ ਖੜ੍ਹੀ ਹੋਣਾ ਚਾਹੇਗੀ ਤਾਂ ਉਸ ਨੂੰ ਜਿਤਾਉਣ ਲਈ ਪਾਰਟੀ ਦਾ ਹਰ ਵਰਕਰ ਪੂਰਾ ਜ਼ੋਰ ਲਾ ਦੇਵੇਗਾ।

2019 ਦੀਆਂ ਚੋਣਾਂ ਵਿਚ ਪ੍ਰਿਅੰਕਾ ਦੇ ਵਾਰਾਨਸੀ ਤੋਂ ਲੜਨ ਦੀਆਂ ਕਿਆਸਅਰਾਈਆਂ ਸਨ ਪਰ ਪਾਰਟੀ ਨੇ ਆਖਰੀ ਛਿਣਾਂ 'ਚ ਅਜੈ ਰਾਇ ਨੂੰ ਮੈਦਾਨ 'ਚ ਉਤਾਰ ਦਿੱਤਾ ਸੀ। ਅਜੈ ਰਾਇ 2014 ਵਿਚ ਵੀ ਮੋਦੀ ਦੇ ਖਿਲਾਫ ਲੜੇ ਸਨ। ਅਜੈ ਰਾਇ ਤੋਂ ਪਹਿਲਾਂ ਪ੍ਰਿਅੰਕਾ ਦੇ ਪਤੀ ਰਾਬਰਟ ਵਾਡਰਾ ਨੇ ਪ੍ਰਿਅੰਕਾ ਦੇ ਚੋਣ ਸਿਆਸਤ ਵਿਚ ਕੁੱਦਣ ਦਾ ਇਸ਼ਾਰਾ ਕੀਤਾ ਸੀ, ਜਦੋਂ ਉਨ੍ਹਾ ਕਿਹਾ ਸੀ— ਪ੍ਰਿਅੰਕਾ ਨੂੰ ਲੋਕ ਸਭਾ ਵਿਚ ਜ਼ਰੂਰ ਹੋਣਾ ਚਾਹੀਦਾ ਹੈ। ਉਸ ਵਿਚ ਸਾਰੇ ਗੁਣ ਹਨ। ਉਹ ਬਹੁਤ ਚੰਗੀ ਪਾਰਲੀਮੈਂਟੇਰੀਅਨ ਸਾਬਤ ਹੋਵੇਗੀ ਤੇ ਉਹ ਲੋਕ ਸਭਾ ਵਿਚ ਬੈਠਣ ਦੀ ਹੱਕਦਾਰ ਹੈ। ਮੈਂ ਉਮੀਦ ਕਰਦਾ ਹਾਂ ਕਿ ਪਾਰਟੀ ਇਸ ਬਾਰੇ ਸੋਚੇਗੀ। ਰਾਹੁਲ ਗਾਂਧੀ ਨੇ 2019 ਵਿਚ ਅਮੇਠੀ ਤੇ ਕੇਰਲਾ ਦੇ ਵਾਇਨਾਡ ਤੋਂ ਚੋਣ ਲੜੀ ਸੀ। ਅਮੇਠੀ ਤੋਂ ਉਹ ਸਿਮਰਤੀ ਈਰਾਨੀ ਹੱਥੋਂ ਹਾਰ ਗਏ ਸਨ ਪਰ ਵਾਇਨਾਡ ਤੋਂ ਜੇਤੂ ਰਹੇ ਸਨ।

ਗੁਰਦਾਸਪੁਰ ਦੀ ਹਾਲਤ ਹੋਰ ਖਰਾਬ

ਗੁਰਦਾਸਪੁਰ : ਜ਼ਿਲ੍ਹੇ ਦੇ 38 ਹੋਰ ਪਿੰਡ ਪਾਣੀ ਦੀ ਮਾਰ ਹੇਠ ਆਉਣ ਕਾਰਨ ਸ਼ੁੱਕਰਵਾਰ ਹੜ੍ਹ ਪ੍ਰਭਾਵਤ ਪਿੰਡਾਂ ਦੀ ਗਿਣਤੀ 90 ਤੱਕ ਪਹੁੰਚ ਗਈ। 30,000 ਲੋਕ ਬੇਘਰ ਹੋ ਗਏ ਹਨ। ਫਸਲਾਂ ਦਾ ਕਾਫੀ ਨੁਕਸਾਨ ਹੋਇਆ ਹੈ। ਪ੍ਰਸ਼ਾਸਨ ਨੇ ਪਾਣੀ ਤੋਂ ਫੈਲਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਲਈ ਡਾਕਟਰਾਂ ਦੀਆਂ 15 ਟੀਮਾਂ ਭੇਜੀਆਂ ਹਨ।

ਚੰਦਰਯਾਨ ਨੇ ਤਸਵੀਰਾਂ ਘੱਲੀਆਂ

ਬੰਗਲੂਰੂ : ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਚੰਦਰਯਾਨ-3 ਦੇ ਲੈਂਡਰ ਮਾਡਿਊਲ 'ਤੇ ਲੱਗੇ ਕੈਮਰਿਆਂ ਰਾਹੀਂ ਖਿੱਚੀਆਂ ਚੰਦ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ।

ਵੀਰਵਾਰ ਨੂੰ ਪ੍ਰੋਪਲਸ਼ਨ ਮਾਡਿਊਲ ਅਤੇ ਲੈਂਡਰ ਮਾਡਿਊਲ ਦੇ ਵੱਖ ਹੋਣ ਤੋਂ ਬਾਅਦ ਲਈਆਂ ਗਈਆਂ ਤਸਵੀਰਾਂ 'ਚ ਚੰਦ ਦੀ ਸਤਹ 'ਤੇ ਖੱਡੇ ਨਜ਼ਰ ਆ ਰਹੇ ਹਨ।

ਨਵੇਂ ਸੰਵਿਧਾਨ ਦੀ ਚਰਚਾ ਛੇੜਨ ਤੋਂ ਬਾਅਦ ਸਫਾਈ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਨੇ ਨਵੇਂ ਸੰਵਿਧਾਨ ਨੂੰ ਅਪਣਾਉਣ ਦਾ ਸੁਝਾਅ ਦੇਣ ਵਾਲੇ ਆਪਣੇ ਚੇਅਰਮੈਨ ਵਿਵੇਕ ਦੇਬਰਾਏ ਦੇ ਲੇਖ ਤੋਂ ਆਪਣੇ-ਆਪ ਨੂੰ ਵੱਖ ਕਰਦਿਆਂ ਕਿਹਾ ਹੈ ਕਿ ਉਨ੍ਹਾ ਦਾ ਲੇਖ ਕਿਸੇ ਵੀ ਤਰ੍ਹਾਂ ਨਾਲ ਕੌਂਸਲ ਦੇ ਵਿਚਾਰਾਂ ਨਾਲ ਮੇਲ ਨਹੀਂ ਖਾਂਦਾ। ਕੌਂਸਲ ਨੇ ਟਵੀਟ ਕੀਤਾ-ਡਾ. ਵਿਵੇਕ ਦੇਬਰਾਏ ਦਾ ਤਾਜ਼ਾ ਲੇਖ ਉਨ੍ਹਾ ਦਾ ਨਿੱਜੀ ਵਿਚਾਰ ਹੈ। ਇਹ ਕਿਸੇ ਵੀ ਤਰ੍ਹਾਂ ਇਸ ਸੰਸਥਾ ਜਾਂ ਭਾਰਤ ਸਰਕਾਰ ਦੇ ਵਿਚਾਰਾਂ ਦੀ ਪ੍ਰਤੀਨਿਧਤਾ ਨਹੀਂ ਕਰਦਾ। ਕੌਂਸਲ ਸੁਤੰਤਰ ਸੰਸਥਾ ਹੈ, ਜੋ ਭਾਰਤ ਸਰਕਾਰ, ਖਾਸ ਤੌਰ 'ਤੇ ਪ੍ਰਧਾਨ ਮੰਤਰੀ ਨੂੰ ਆਰਥਿਕ ਅਤੇ ਸੰਬੰਧਤ ਮੁੱਦਿਆਂ 'ਤੇ ਸਲਾਹ ਦੇਣ ਲਈ ਕਾਇਮ ਕੀਤੀ ਗਈ ਹੈ। ਦੇਬਰਾਏ ਕੌਂਸਲ ਦੇ ਚੇਅਰਮੈਨ ਹਨ।

ਹਾਲਾਂਕਿ ਟਵੀਟ 'ਚ ਇਹ ਨਹੀਂ ਦੱਸਿਆ ਗਿਆ ਕਿ ਕੌਂਸਲ ਕਿਸ ਲੇਖ ਦਾ ਹਵਾਲਾ ਦੇ ਰਹੀ ਹੈ। ਇਸ ਹਫਤੇ ਦੇ ਸ਼ੁਰੂ 'ਚ ਦੇਬਰਾਏ ਨੇ ਲੇਖ ਲਿਖਿਆ ਸੀ, ਜਿਸ ਦਾ ਸਿਰਲੇਖ ਸੀ 'ਸਾਡੇ ਲਈ ਨਵੇਂ ਸੰਵਿਧਾਨ ਨੂੰ ਅਪਣਾਉਣ ਦਾ ਮਾਮਲਾ'। ਇਸ 'ਚ ਉਨ੍ਹਾ ਮੌਜੂਦਾ ਸੰਵਿਧਾਨ ਨੂੰ 'ਬਸਤੀਵਾਦੀ ਵਿਰਾਸਤ' ਕਰਾਰ ਦਿੱਤਾ ਹੈ। ਦੇਬਰਾਏ ਨੇ ਲਿਖਿਆ-ਅਸੀਂ ਜ਼ਿਆਦਾਤਰ ਬਹਿਸਾਂ ਸੰਵਿਧਾਨ ਨਾਲ ਸ਼ੁਰੂ ਅਤੇ ਖਤਮ ਕਰਦੇ ਹਾਂ। ਕੁਝ ਸੋਧਾਂ ਕੰਮ ਨਹੀਂ ਕਰਨਗੀਆਂ। ਸਾਨੂੰ 'ਡਰਾਇੰਗ ਬੋਰਡ' 'ਤੇ ਵਾਪਸ ਜਾਣਾ ਚਾਹੀਦਾ ਹੈ ਅਤੇ ਪਹਿਲੇ ਸਿਧਾਂਤਾਂ ਤੋਂ ਸ਼ੁਰੂ ਕਰਨਾ ਚਾਹੀਦਾ ਹੈ। ਇਹ ਪੁੱਛਣਾ ਚਾਹੀਦਾ ਹੈ ਕਿ ਪ੍ਰਸਤਾਵਨਾ 'ਚ ਸਮਾਜਵਾਦੀ, ਧਰਮ ਨਿਰਪੱਖ, ਜਮਹੂਰੀ, ਨਿਆਂ, ਆਜ਼ਾਦੀ ਅਤੇ ਸਮਾਨਤਾ ਦਾ ਹੁਣ ਕੀ ਮਤਲਬ ਹੈ। ਸਾਨੂੰ ਲੋਕਾਂ ਨੂੰ ਆਪਣਾ ਨਵਾਂ ਸੰਵਿਧਾਨ ਦੇਣਾ ਚਾਹੀਦਾ ਹੈ।

ਮਾਨ 'ਤਨਖਾਹੀਆ' ਕਰਾਰ

ਅੰਮ੍ਰਿਤਸਰ : ਸਿੱਖ ਗੁਰਦੁਆਰਾ ਐਕਟ 1925 'ਚ ਸੋਧ ਕਰਕੇ ਸਿੱਖ ਧਰਮ 'ਚ ਬੇਲੋੜੀ ਦਖਲਅੰਦਾਜ਼ੀ ਕਰਨ ਦੇ ਦੋਸ਼ ਹੇਠ ਅਕਾਲ ਤਖਤ ਦੇ ਮੁਤਵਾਜ਼ੀ ਜੱਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਸ਼ੁੱਕਰਵਾਰ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਕਾਲ ਤਖਤ ਤੋਂ ਤਨਖਾਹੀਆ ਕਰਾਰ ਦੇ ਦਿੱਤਾ। ਜੱਥੇਦਾਰ ਮੰਡ ਨੇ ਮਾਨ ਨੂੰ ਸਪੱਸ਼ਟੀਕਰਨ ਦੇਣ ਲਈ ਤੀਜੀ ਵਾਰ ਤਲਬ ਕੀਤਾ ਸੀ, ਪਰ ਉਹ ਨਹੀਂ ਆਏ।

ਮਨੀਪੁਰ ਹਿੰਸਾ 'ਚ 3 ਵੱਢ'ਤੇ

ਇੰਫਾਲ : ਨਸਲੀ ਹਿੰਸਾ ਪ੍ਰਭਾਵਤ ਮਨੀਪੁਰ ਦੇ ਉਖਰੂਲ ਜ਼ਿਲ੍ਹੇ ਦੇ ਕੁੱਕੀ ਥੋਵਾਈ ਪਿੰਡ 'ਚ ਭਾਰੀ ਗੋਲੀਬਾਰੀ ਤੋਂ ਬਾਅਦ ਤਿੰਨ ਵਿਅਕਤੀਆਂ ਦੀਆਂ ਵੱਢੀਆਂ-ਟੁੱਕੀਆਂ ਲਾਸ਼ਾਂ ਮਿਲੀਆਂ। ਤਾਜ਼ਾ ਹਿੰਸਾ ਲਿਟਨ ਪੁਲਸ ਸਟੇਸ਼ਨ ਦੀ ਹੱਦ ਅਧੀਨ ਪਿੰਡ 'ਚ ਹੋਈ, ਜਿੱਥੇ ਤੜਕੇ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਪੁਲਸ ਨੇ ਆਸ-ਪਾਸ ਦੇ ਪਿੰਡਾਂ ਅਤੇ ਜੰਗਲਾਂ ਦੀ ਤਲਾਸ਼ੀ ਲਈ ਤਾਂ 24 ਤੋਂ 35 ਸਾਲ ਦੀ ਉਮਰ ਦੇ ਤਿੰਨ ਵਿਅਕਤੀਆਂ ਦੀਆਂ ਲਾਸ਼ਾਂ ਮਿਲੀਆਂ। ਅਧਿਕਾਰੀਆਂ ਮੁਤਾਬਕ ਤਿੰਨੋਂ ਲਾਸ਼ਾਂ 'ਤੇ ਤੇਜ਼ਧਾਰ ਚਾਕੂ ਨਾਲ ਹਮਲੇ ਦੇ ਨਿਸ਼ਾਨ ਸਨ ਅਤੇ ਉਨ੍ਹਾਂ ਦੇ ਹੱਥ-ਪੈਰ ਕੱਟੇ ਗਏ ਸਨ।

5 ਏ ਕੇ ਰਾਈਫਲਾਂ ਬਰਾਮਦ

ਸ੍ਰੀਨਗਰ : ਕੁਪਵਾੜਾ ਜ਼ਿਲ੍ਹੇ 'ਚ ਫੌਜ, ਬੀ ਐੱਸ ਐੱਫ ਅਤੇ ਜੰਮੂ-ਕਸ਼ਮੀਰ ਪੁਲਸ ਨੇ 15 ਤੋਂ 18 ਅਗਸਤ ਤੱਕ ਮੱਛਲ ਸੈਕਟਰ 'ਚ ਸਾਂਝੇ ਅਪਰੇਸ਼ਨ 'ਮੱਛਲ ਪ੍ਰਹਾਰ-2' ਦੌਰਾਨ ਪੰਜ ਏ ਕੇ ਰਾਈਫਲਾਂ, 7 ਪਿਸਤੌਲ, ਚਾਰ ਹੈਂਡ ਗ੍ਰਨੇਡ ਅਤੇ ਹੋਰ ਸਮੱਗਰੀ ਬਰਾਮਦ ਕੀਤੀ ਹੈ।

ਪੱਤਰਕਾਰ ਦੀ ਹੱਤਿਆ

ਪਟਨਾ : ਬਿਹਾਰ ਦੇ ਅਰਰੀਆ ਜ਼ਿਲ੍ਹੇ ਵਿਚ ਸ਼ੁੱਕਰਵਾਰ ਸਵੇਰੇ ਅਣਪਛਾਤਿਆਂ ਨੇ ਪੱਤਰਕਾਰ ਵਿਮਲ ਕੁਮਾਰ ਯਾਦਵ (35) ਨੂੰ ਪ੍ਰੇਮਨਗਰ ਪਿੰਡ 'ਚ ਉਸ ਦੇ ਘਰ 'ਚ ਗੋਲੀਆਂ ਮਾਰ ਕੇ ਮਾਰ ਦਿੱਤਾ। ਉਹ ਹਿੰਦੀ ਅਖਬਾਰ ਲਈ ਕੰਮ ਕਰਦਾ ਸੀ। ਪੁਲਸ ਮੁਤਾਬਕ ਹਮਲਾਵਰਾਂ ਨੇ ਸਵੇਰੇ 5.30 ਵਜੇ ਯਾਦਵ ਦੇ ਘਰ ਦਾ ਦਰਵਾਜਾ ਖੜਕਾਇਆ ਅਤੇ ਜਿਵੇਂ ਹੀ ਉਸ ਨੇ ਦਰਵਾਜਾ ਖੋਲ੍ਹਿਆ ਹਮਲਾਵਰਾਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਤੇ ਯਾਦਵ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਐਡਵੋਕੇਟ ਮੰਡ ਬਣੇ 'ਨਵਾਂ ਜ਼ਮਾਨਾ' ਦੇ ਨਿਊਜ਼ ਟੇਬਲ ਇੰਚਾਰਜ

ਜਲੰਧਰ : 'ਨਵਾਂ ਜ਼ਮਾਨਾ' ਦੀ ਸੰਚਾਲਕ 'ਅਰਜਨ ਸਿੰਘ ਗੜਗੱਜ ਫਾਊਂਡੇਸ਼ਨ' ਦੇ ਟਰੱਸਟੀ ਐਡਵੋਕੇਟ ਰਾਜਿੰਦਰ ਮੰਡ ਨੇ ਸੰਪਾਦਕ ਚੰਦ ਫ਼ਤਹਿਪੁਰੀ ਦੀ ਹਾਜ਼ਰੀ 'ਚ ਨਿਊਜ਼ ਟੇਬਲ ਇੰਚਾਰਜ ਦਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਫ਼ਤਹਿਪੁਰੀ ਨੇ ਕਿਹਾ ਕਿ ਟਰੱਸਟ ਵੱਲੋਂ ਹੋਏ ਫੈਸਲੇ ਮੁਤਾਬਕ ਐਡਵੋਕੇਟ ਮੰਡ ਅਖ਼ਬਾਰ ਦੀ ਬਿਹਤਰੀ ਲਈ ਖ਼ਬਰਾਂ ਦੀ ਗੁਣਵੱਤਾ 'ਤੇ ਕੰਮ ਕਰਨਗੇ ਅਤੇ ਖ਼ਬਰਾਂ ਨਾਲ ਸੰਬੰਧਤ ਫ਼ੈਸਲੇ ਲਿਆ ਕਰਨਗੇ। ਐਡਵੋਕੇਟ ਮੰਡ ਨੇ ਸਾਰੇ ਸਾਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਪਿਤਾ-ਪੁਰਖੀ ਅਦਾਰੇ ਨਾਲ ਜੁੜੇ ਹੋਏ ਹਨ। 'ਨਵਾਂ ਜ਼ਮਾਨਾ' ਨੇ ਪੰਜਾਬੀ ਪੱਤਰਕਾਰਤਾ ਨੂੰ ਬਹੁਤ ਸਾਰੇ ਹੀਰੇ ਦਿੱਤੇ ਹਨ। ਹੁਣ ਜਦੋਂ ਉਨ੍ਹਾਂ ਨੂੰ ਖ਼

19-AUG-PAGE-1.qxd 8/18/2023 9:45 PM Page 2

ਸੰਤ ਨਿਰੰਕਾਰੀ ਮਿਸ਼ਨ ਨੇ ਅਜ਼ਾਦੀ ਦਿਹਾੜਾ 'ਮੁਕਤੀ ਪਰਵ ਦਿਵਸ' ਵਜੋਂ ਮਨਾਇਆ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਸੰਪੂਰਨ ਭਾਰਤ ਵਿੱਚ ਜਿਥੇ 77ਵਾਂ ਸੁਤੰਤਰਤਾ ਦਿਵਸ ਮਨਾਇਆ ਗਿਆ, ਉੱਥੇ ਨਿਰੰਕਾਰੀ ਜਗਤ ਵਿੱਚ ਇਸ ਦਿਨ ਨੂੰ ਆਤਮਿਕ ਸੁਤੰਤਰਤਾ ਦੇ ਰੂਪ ਵਿੱਚ ਮਨਾਉਂਦੇ ਹੋਏ 'ਮੁਕਤੀ ਪਰਵ' ਦੇ ਨਾਂਅ ਨਾਲ ਸੰਬੋਧਨ ਕੀਤਾ। ਅਜ਼ਾਦੀ ਦਿਹਾੜਾ 'ਮੁਕਤੀ ਪਰਵ ਦਿਵਸ' ਲਹਿਰਾ ਦੇ ਸੰਯੋਜਕ ਸੋਹਣ ਲਾਲ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਮੌਕੇ ਦੇਸ਼ ਨੂੰ ਆਜ਼ਾਦ ਕਰਾਉਣ ਵਾਲੇ ਆਜ਼ਾਦੀ ਘੁਲਾਟੀਆਂ ਦੀ ਯਾਦ ਨੂੰ ਤਾਜ਼ਾ ਕੀਤਾ ਗਿਆ ਅਤੇ ਸਕੂਲਾਂ ਵਿੱਚ ਨਰਸਰੀ ਤੋਂ ਲੈ ਕੇ +2 ਤੱਕ ਦੇ ਬੱਚਿਆਂ ਨੂੰ ਆਪਣੀਆਂ ਕਲਾਸਾਂ ਵਿੱਚ ਅੱਵਲ ਦਰਜੇ ਪ੍ਰਾਪਤ ਕਰਨ 'ਤੇ ਸਨਮਾਨਤ ਕੀਤਾ ਗਿਆ। ਸੰਯੋਜਕ ਸੁਰਿੰਦਰ ਸਿੰਘ ਐਡਵੋਕੇਟ ਨੇ ਸਾਰੀਆਂ ਸੰਗਤਾਂ ਨੂੰ ਜੀ ਆਇਆਂ ਆਖਿਆ। ਸੰਤ ਸੋਹਨ ਲਾਲ ਨੇ ਫਰਮਾਇਆ ਕਿ ਦੇਸ ਭਰ ਵਿਚ ਫੈਲੀਆਂ ਮਿਸ਼ਨ ਦੀਆਂ ਸਾਰੀਆਂ ਸ਼ਾਖਾਵਾਂ ਵਿੱਚ ਵਿਸ਼ੇਸ਼ ਸਤਿਸੰਗ ਪ੍ਰੋਗਰਾਮ ਕਰਾਏ ਗਏ ਅਤੇ ਨਿਰੰਕਾਰੀ ਚੌਕ, ਗਰਾਊਂਡ ਨੰਬਰ 8 ਬੁਰਾੜੀ ਰੋਡ, ਦਿੱਲੀ ਵਿਖੇ 'ਮੁਕਤੀ ਪਰਵ' ਸਮਾਗਮ ਦਾ ਆਯੋਜਨ ਵੀ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਿਰਕਤ ਕੀਤੀ। ਬਹੁਤ ਸਾਰੀਆਂ ਸੰਗਤਾਂ ਨੇ ਭਾਗ ਲਿਆ ਤੇ ਸਮੂਹ ਸੰਤਾਂ ਨੇ ਮਨੁੱਖਤਾ ਦੇ ਭਲੇ ਲਈ ਆਪਣੇ ਆਪ ਨੂੰ ਸਮਰਪਤ ਕਰਨ ਵਾਲੇ ਲੋਕਾਂ ਦੀ ਮੁਕਤੀ ਦਾ ਰਾਹ ਪੱਧਰਾ ਕਰਨ ਵਾਲੀਆਂ ਇਨ੍ਹਾਂ ਬ੍ਰਹਮ ਗਿਆਨੀ ਸ਼ਖ਼ਸੀਅਤਾਂ ਨੂੰ ਦਿਲੋਂ ਸ਼ਰਧਾਂਜਲੀ ਭੇਟ ਕੀਤੀ।

ਸ਼ਹੀਦ ਭਗਤ ਸਿੰਘ ਕਾਲਜ 'ਚ ਅਜ਼ਾਦੀ ਦਿਵਸ ਮਨਾਇਆ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਅਜ਼ਾਦੀ ਦੀ 77ਵੀਂ ਵਰ੍ਹੇਗੰਢ ਸ਼ਹੀਦ ਭਗਤ ਸਿੰਘ ਕਾਲਜ ਆਫ਼ ਨਰਸਿੰਗ ਸੋਡੇ ਵਾਲਾ ਫ਼ਿਰੋਜ਼ਪੁਰ ਵਿਖੇ ਮਨਾਈ ਗਈ।ਧਰਮਪਾਲ ਬਾਂਸਲ (ਚੇਅਰਮੈਨ ਸ਼ਹੀਦ ਭਗਤ ਸਿੰਘ ਕਾਲਜ ਆਫ਼ ਨਰਸਿੰਗ ਅਤੇ ਹਾਰਮਨੀ ਆਯੂਰਵੈਦਿਕ ਕਾਲਜ ਫਿਰੋਜ਼ਪੁਰ) ਵੱਲੋਂ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ।ਰਾਸ਼ਟਰੀ ਗੀਤ ਗਾਉਣ ਅਤੇ ਝੰਡਾ ਲਹਿਰਾਉਣ ਤੋਂ ਬਾਅਦ ਵਿਦਿਆਰਥੀਆ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਦੌਰਾਨ ਭਾਸ਼ਣ, ਪੋਸਟਰ, ਕਵਿਤਾਵਾਂ ਆਦਿ ਮੁਕਾਬਲੇ ਕਰਾਏ ਗਏ।ਧਰਮਪਾਲ ਬਾਂਸਲ ਵੱਲੋਂ ਸਾਰਿਆਂ ਨੂੰ ਆਜ਼ਾਦੀ ਦਿਵਸ ਦੀਆਂ ਵਧਾਈਆਂ ਦਿੱਤੀਆਂ ਗਈਆਂ।ਸਾਰੇ ਵਿਦਿਆਰਥੀਆਂ ਨੂੰ ਮਠਿਆਈਆਂ ਵੰਡੀਆਂ ਗਈਆਂ।ਧਰਮਪਾਲ ਬਾਂਸਲ ਵੱਲੋਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਆਜ਼ਾਦੀ ਦਿਵਸ ਬਾਰੇ ਜਾਣਕਾਰੀ ਦਿੱਤੀ ਗਈ ਕਿ ਸਾਨੂੰ ਕਿਸ ਤਰ੍ਹਾਂ ਆਜ਼ਾਦੀ ਮਿਲੀ ਹੈ ਤੇ ਸਾਨੂੰ ਇਸ ਦੀ ਕਦਰ ਕਰਨੀ ਚਾਹੀਦੀ ਹੈ।ਇਸ ਮੌਕੇ ਕਾਲਜ ਦੇ ਸਮੂਹ ਸਟਾਫ ਮੈਬਰ ਡਾ. ਮਨਜੀਤ ਕੌਰ, ਡਾ. ਸੰਜੀਵ ਮਾਨਕੋਟਾਲਾ, ਡਾ. ਜਹੂਰ ਸ਼ਰਨਜੀਤ ਕੌਰ, ਸੁਖਵਿੰਦਰ ਕੌਰ, ਇੰਦਰਜੀਤ ਕੌਰ, ਜਸਮੀਤ ਕੌਰ, ਪਰਮਿੰਦਰ ਕੌਰ, ਗੁਰਦੀਪ ਕੌਰ, ਮਨਦੀਪ ਕੌਰ, ਅਮਨਦੀਪ ਕੌਰ, ਜਗਦੇਵ ਸਿੰਘ, ਸੰਗੀਤਾ ਹਾਂਡਾ, ਗੁਰਮੀਤ ਕੌਰ, ਖੁਸ਼ਪਾਲ ਕੌਰ, ਸ਼ੰਤੋਸ਼ ਰਾਣੀ, ਤਵਿੰਦਰ ਕੌਰ, ਕੋਮਲਜੀਤ ਕੌਰ, ਗੁਰਪ੍ਰੀਤ ਕੌਰ, ਅਮਨਦੀਪ ਕੌਰ (ਭੁੱਲਰ), ਅਮਨਦੀਪ ਕੌਰ, ਸਨਪ੍ਰੀਤ ਕੌਰ, ਪ੍ਰਵੀਨ ਗੁਪਤਾ ਆਦਿ ਸ਼ਾਮਲ ਸਨ।

ਅਜ਼ਾਦੀ ਘੁਲਾਟੀਏ ਤੇ ਸ਼ਹੀਦਾਂ ਦੇ ਪਰਵਾਰਾਂ ਦਾ ਸਨਮਾਨ

ਮ_ਕਤਸਰ (ਸ਼ਮਿੰਦਰਪਾਲ, ਪੂਜਾ)-ਬੀਤੇ ਦਿਨੀਂ ਸਿਟੀ ਹੋਟਲ ਵਿਖੇ ਦਸਮੇਸ਼ ਯੂਥ ਵੈੱਲਫੇਅਰ ਕਲੱਬ ਵੱਲੋਂ ਅਜ਼ਾਦੀ ਘੁਲਾਟੀਏ ਤੇ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ। ਕਲੱਬ ਦੇ ਪ੍ਰਧਾਨ ਅਰਮਾਨਜੋਤ ਬਰਾੜ ਨੇ ਕਿਹਾ ਕਿ ਜੇਕਰ ਅਸੀਂ ਅਜ਼ਾਦੀ ਦਾ ਆਨੰਦ ਮਾਣ ਰਹੇ ਹਾਂ ਤਾਂ ਇਨ੍ਹਾਂ ਅਜ਼ਾਦੀ ਘੁਲਾਟੀਏ ਤੇ ਸ਼ਹੀਦਾਂ ਦੇ ਪਰਿਵਾਰਾਂ ਦੀ ਬਦੌਲਤ ਹੈ, ਇਸ ਲਈ ਸਾਡਾ ਫਰਜ਼ ਬਣਦਾ ਹੈ ਕਿ ਸਾਨੂੰ ਇਨ੍ਹਾਂ ਪਰਵਾਰਾਂ ਦਾ ਮਾਣ ਸਨਮਾਨ ਕਰਨਾ ਚਾਹੀਦਾ ਹੈ। ਸਟੇਜ ਸੈਕਟਰੀ ਦੀ ਭੂਮਿਕਾ ਐਡਵੋਕੇਟ ਅਨੁਰਾਗ ਸ਼ਰਮਾ ਨੇ ਬਾਖੂਬੀ ਨਿਭਾਈ। ਫਰੀਡਮ ਫਾਈਟਰ ਐਸੋਸੀਏਸ਼ਨ ਦੇ ਪ੍ਰਧਾਨ ਨਿਰਮਲ ਸਿੰਘ ਨੇ ਕਲੱਬ ਦੇ ਪ੍ਰਧਾਨ ਤੇ ਟੀਮ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਕਲੱਬ ਦਾ ਇਹ ਉਪਰਾਲਾ ਸਲਾਹੁਣਯੋਗ ਹੈ। ਇਸ ਮੌਕੇ ਗੋਰਾ ਪਠੇਲਾ, ਦਰਸ਼ਨ ਸਿੰਘ ਨੈਨੇਵਾਲ, ਗੁਰਚਰਨ ਸਿੰਘ, ਰਾਜੀਵ ਦਾਬੜਾ, ਅਸਵਨੀ ਗਿਰਧਰ, ਸੰਦੀਪ ਗਿਰਧਰ, ਰਵਿੰਦਰ ਕਟਾਰੀਆ, ਰਾਜਕੁਮਾਰ ਭਟੇਜਾ, ਹਰੀਸ਼ ਵਾਟਸ, ਬਿੱਲੂ ਕਟਾਰੀਆ, ਐਡਵੋਕੇਟ ਸਾਗਰ, ਐਡਵੋਕੇਟ ਸ਼ੁਭਮ ਸ਼ਰਮਾ, ਕਲੱਬ ਦੇ ਸੈਕਟਰੀ ਵਿਸ਼ੂ ਚੌਧਰੀ, ਕਲੱਬ ਦੇ ਮੀਤ ਪ੍ਰਧਾਨ ਹਨੀ ਕਾਉਣੀ, ਰਵੀ, ਅਕਾਸ਼ ਆਦਿ ਹਾਜ਼ਰ ਸਨ।

ਜ਼ੋਨ ਪੱਧਰੀ ਕਬੱਡੀ ਮੁਕਾਬਲਿਆਂ 'ਚ ਟੈਗੋਰ ਸਕੂਲ ਰਿਹਾ ਅੱਵਲ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ 67ਵੀਆਂ ਜ਼ੋਨ ਖੇਡਾਂ 'ਚ ਟੈਗੋਰ ਵਿਦਿਆਲਿਆ ਸੀਨੀਅਰ ਸੈਕੰਡਰੀ ਸਕੂਲ ਲੌਂਗੋਵਾਲ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਮੱਲਾਂ ਮਾਰੀਆਂ। ਸਕੂਲ ਦੇ ਪ੍ਰਿੰਸੀਪਲ ਮੈਡਮ ਸ੍ਰੀਮਤੀ ਜਸਵਿੰਦਰ ਕੌਰ ਤੇ ਮੈਨੇਜਮੈਂਟ ਮੈਂਬਰ ਸ੍ਰ. ਕੁਲਦੀਪ ਸਿੰਘ ਮੰਡੇਰ, ਗੋਬਿੰਦ ਸਿੰਘ ਗਿੱਲ ਤੇ ਜਤਿੰਦਰ ਰਿਸ਼ੀ ਨੇ ਦੱਸਿਆ ਕਿ ਅੰਡਰ 17 ਦੀਆਂ ਕੁੜੀਆਂ ਨੇ ਕਬੱਡੀ ਮੁਕਾਬਲੇ 'ਚ ਸੋਨੇ ਦੇ ਤਮਗੇ ਹਾਸਲ ਕੀਤੇ ਤੇ ਚੰਗੇ ਪ੍ਰਦਰਸ਼ਨ ਦੀ ਬਦੌਲਤ ਉਨ੍ਹਾਂ ਨੂੰ ਅੱਗੇ ਜ਼ਿਲ੍ਹੇ ਲਈ ਚੁਣਿਆ ਗਿਆ। ਪ੍ਰਿੰਸੀਪਲ ਜਸਵਿੰਦਰ ਕੌਰ ਨੇ ਕਿਹਾ ਕਿ ਸਕੂਲ ਪ੍ਰਬੰਧਕ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਦੇ ਖੇਤਰ 'ਚ ਵੀ ਮੋਹਰੀ ਬਣਾਉਣ ਲਈ ਸਮੇ-ਸਮੇਂ ਅਜਿਹੀਆਂ ਪ੍ਰਤੀਯੋਗਤਾਵਾਂ 'ਚ ਹਿੱਸਾ ਦਿਵਾਉਂਦਾ ਰਹਿੰਦਾ ਹੈ। ਉਨ੍ਹਾ ਖੇਡਾਂ 'ਚ ਵਿਦਿਆਰਥੀਆਂ ਨੂੰ ਮਿਲੀਆਂ ਪ੍ਰਾਪਤੀਆਂ ਲਈ ਡੀ ਪੀ ਮੈਡਮ ਸੁਨੀਤਾ ਸ਼ਰਮਾ ਤੇ ਪਰਵਿੰਦਰ ਸਿੰਘ ਨੂੰ ਵਧਾਈ ਦਿੰਦੇ ਹੋਏ ਖੂਬ ਪ੍ਰਸੰਸਾ ਕੀਤੀ।

ਬਾਬਾ ਫਰੀਦ ਲਾਅ ਕਾਲਜ 'ਚ ਮਨਾਇਆ ਸੁਤੰਤਰਤਾ ਦਿਵਸ

ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ)-ਬਾਬਾ ਫਰੀਦ ਲਾਅ ਕਾਲਜ ਦੇ ਮਾਨਯੋਗ ਚੇਅਰਮੈਨ ਇੰਦਰਜੀਤ ਸਿੰਘ ਖਾਲਸਾ ਦੀ ਰਹਿਨੁਮਾਈ ਤੇ ਪ੍ਰਿੰਸੀਪਲ ਪੰਕਜ ਕੁਮਾਰ ਗਰਗ ਦੀ ਅਗਵਾਈ ਹੇਠ ਕਾਲਜ ਵਿਖੇ ਦੇਸ਼ ਦਾ 77ਵਾਂ ਸੁਤੰਤਰਤਾ ਦਿਵਸ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਡਾ. ਗੁਰਿੰਦਰ ਮੋਹਣ ਸਿੰਘ ਨੇ ਰਾਸ਼ਟਰੀ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ। ਡਾ. ਗੁਰਿੰਦਰ ਮੋਹਣ ਨੇ ਅਜ਼ਾਦੀ ਦੀ ਮਹੱਤਤਾ ਤੇ ਬਾਬਾ ਫਰੀਦ ਸੰਸਥਾਵਾਂ ਦੇ ਇਤਿਹਾਸ 'ਤੇ ਚਾਨਣਾ ਪਾਇਆ। ਕਾਲਜ ਦੇ ਪ੍ਰਿੰਸੀਪਲ ਪੰਕਜ ਕੁਮਾਰ ਗਰਗ ਨੇ ਮੁੱਖ ਮਹਿਮਾਨ ਦਾ ਕਾਲਜ ਪਹੁੰਚਣ 'ਤੇ ਧੰਨਵਾਦ ਕੀਤਾ। ਉਨ੍ਹਾ ਕਿਹਾ ਕਿ ਕਾਲਜ ਦੇ ਮਾਨਯੋਗ ਚੇਅਰਮੈਨ ਸ੍ਰ. ਇੰਦਰਜੀਤ ਸਿੰਘ ਖਾਲਸਾ ਨੇ ਬਾਬਾ ਫਰੀਦ ਲਾਅ ਕਾਲਜ ਦਾ ਇਹ ਬੂਟਾ ਬਹੁਤ ਸਮਾਂ ਪਹਿਲਾਂ ਲਗਾਇਆ, ਜੋ ਅੱਜ ਮਾਲਵੇ ਦੀ ਪ੍ਰਸਿੱਧ ਸੰਸਥਾ ਵਜੋਂ ਜਾਣਿਆ ਜਾਂਦਾ ਹੈ। ਇਸ ਉਪਰੰਤ ਇੰਚਾਰਜ ਅਕੈਡਮਿਕ ਡਾ. ਨਵਜੋਤ ਕੌਰ, ਡਾ. ਮੋਹਣ ਸਿੰਘ ਸੱਗੂ, ਸੱਤਪਾਲ ਸਿੰਘ, ਡਾ. ਪਰਮਿੰਦਰ ਸਿੰਘ, ਮਿਸ ਦੀਪਿਕਾ ਕੰਵਰ ਤੇ ਮਿਸ ਰਜਨੀ ਬਾਲਾ ਨੇ ਸੁਤੰਤਰਤਾ ਦਿਵਸ ਸਬੰਧੀ ਵਿਚਾਰ ਪੇਸ਼ ਕੀਤੇ। ਪ੍ਰੋਗਰਾਮ ਦੇ ਅੰਤ 'ਚ ਇੰਚਾਰਜ ਅਕੈਡਮਿਕ ਡਾ. ਨਵਜੋਤ ਕੌਰ ਨੇ ਸਮੂਹ ਸਟਾਫ ਦਾ ਧੰਨਵਾਦ ਕੀਤਾ। ਇਸ ਮੌਕੇ ਸਮੂਹ ਟੀਚਿੰਗ, ਨਾਨ-ਟੀਚਿੰਗ ਸਟਾਫ ਤੇ ਸਪੋਰਟਿੰਗ ਸਟਾਫ ਮੌਜੂਦ ਸੀ।

ਪਸ਼ੂ ਹਸਪਤਾਲ ਦੀ ਜਾਗੀ ਕਿਸਮਤ, ਨਵੀਂ ਬਿਲਡਿੰਗ ਲੱਗੀ ਬਣਨ

ਚੀਮਾ ਮੰਡੀ (ਰਵਿੰਦਰ ਚੀਮਾ)-ਖਸਤਾ ਹਾਲਤ ਵਿੱਚ ਪਏ ਪਸ਼ੂ ਹਸਪਤਾਲ ਦੀ ਕਿਸਮਤ ਖੁੱਲ੍ਹ ਗਈ ਹੈ। 50 ਸਾਲ ਬਾਅਦ 35 ਲੱਖ ਦੀ ਗ੍ਰਾਂਟ ਆਉਣ ਨਾਲ ਹਸਪਤਾਲ ਦੀ ਕਿਸਮਤ ਬਦਲ ਜਾਵੇਗੀ। ਹਸਪਤਾਲ ਦੀ ਹਾਲਤ ਏਨੀ ਤਰਸਯੋਗ ਸੀ ਕਿ ਕੋਈ ਵੀ ਡਾਕਟਰ ਇੱਥੇ ਆਉਣ ਲਈ ਤਿਆਰ ਨਹੀਂ ਸੀ। ਹੁਣ ਨਵੀਂ ਬਿਲਡਿੰਗ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਗਿਆ ਹੈ। ਇਸ ਮੌਕੇ ਦਰਸ਼ਨ ਸਿੰਘ ਮਾਨ ਚੇਅਰਮੈਨ ਮਾਰਕੀਟ ਕਮੇਟੀ ਚੀਮਾ ਨੇ ਕਿਹਾ 50 ਸਾਲ ਬਾਅਦ ਮਾਨ ਸਰਕਾਰ ਨੇ ਸਾਡੇ ਲੋਕਾਂ ਦੀ ਗੱਲ ਸੁਣੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਕਿਸੇ ਵੀ ਸਰਕਾਰ ਨੇ ਸਾਡੀ ਸਾਰ ਨਹੀਂ ਲਈ। ਹੁਣ ਨਵੀਂ ਬਿਲਡਿੰਗ ਬਣ ਜਾਵੇਗੀ ਤੇ ਡਾਕਟਰ ਵੀ ਆ ਜਾਣਗੇ। ਇਸ ਮੌਕੇ ਕੁਲਦੀਪ ਸਿੰਘ ਸਿੱਧੂ, ਬਹਾਦਰ ਸਿੰਘ ਚਾਹਲ, ਲਖਵਿੰਦਰ ਸਿੰਘ ਲੱਖੀ, ਅਮਨਦੀਪ ਸਿੰਘ ਗੱਗੀ ਮਾਨ ਤੇ ਡਾਕਟਰ ਕੁਲਦੀਪ ਸਿੰਘ ਆਦਿ ਹਾਜ਼ਰ ਸਨ।

ਆਰ ਐੱਸ ਡੀ ਕਾਲਜ 'ਚੋਂ 3 ਅਧਿਆਪਕਾਂ ਨੂੰ ਕੱਢੇ ਜਾਣ ਦੇ ਰੋਸ ਵਜੋਂ ਧਰਨਾ ਜਾਰੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਫ਼ਿਰੋਜ਼ਪੁਰ ਦੇ 102 ਸਾਲ ਪੁਰਾਣੇ ਆਰ.ਐੱਸ.ਡੀ. ਕਾਲਜ ਦੇ ਤਿੰਨ ਸੀਨੀਅਰ ਅਧਿਆਪਕਾਂ ਪ੍ਰੋ. ਕੁਲਦੀਪ ਸਿੰਘ ਮੁਖੀ ਪੰਜਾਬੀ ਵਿਭਾਗ, ਡਾ. ਮਨਜੀਤ ਕੌਰ ਆਜ਼ਾਦ ਪੰਜਾਬੀ ਵਿਭਾਗ ਤੇ ਡਾ. ਲਕਸ਼ਮਿੰਦਰ ਇਤਿਹਾਸ ਵਿਭਾਗ ਨੂੰ ਕਾਲਜ ਦੀ ਮੈਨੇਜਮੈਂਟ ਵੱਲੋਂ ਬਿਨਾਂ ਕਿਸੇ ਕਾਰਨ ਨੌਕਰੀ ਤੋਂ ਫ਼ਾਰਗ ਕੀਤੇ ਜਾਣ ਦੇ ਤਾਨਾਸ਼ਾਹ ਫੈਸਲੇ ਖਿਲਾਫ਼ ਤਿੰਨਾਂ ਅਧਿਆਪਕਾਂ ਵੱਲੋਂ ਦਿੱਤੇ ਜਾ ਰਹੇ ਦਿਨ ਰਾਤ ਦੇ ਧਰਨੇ ਨੂੰ ਅੱਜ ਪੰਦਰਾਂ ਦਿਨ ਹੋ ਗਏ ਹਨ। ਮੈਨੇਜਮੈਂਟ ਦੇ ਹੈਂਕੜਸ਼ਾਹ ਰਵੱਈਏ ਅਧਿਆਪਕਾਂ ਦਾ ਘਾਣ ਕਰਨ ਵਾਲਾ, ਇਨਸਾਫ਼ ਵਿਰੋਧੀ ਸਮਝਣ ਵਾਲੇ ਲੋਕ ਨਿੱਤ ਦਿਨ ਧਰਨੇ ਦਾ ਸਮਰਥਨ ਕਰਨ ਲਈ ਧਰਨੇ ਵਾਲੀ ਥਾਂ 'ਤੇ ਪੁੱਜ ਕੇ ਇਨ੍ਹਾਂ ਅਧਿਆਪਕਾਂ ਨਾਲ ਆਪਣੀ ਏਕਤਾ ਦਾ ਪ੍ਰਗਟਾਵਾ ਕਰ ਰਹੇ ਹਨ।ਐਸੋਸੀਏਸ਼ਨ ਆਫ਼ ਅਣਏਡਿਡ ਕਾਲਜ ਟੀਚਰਜ਼ ਪੰਜਾਬ ਐਂਡ ਚੰਡੀਗੜ੍ਹ ਦੀ ਪ੍ਰਧਾਨ ਡਾ. ਪ੍ਰਮਿੰਦਰ ਕੌਰ ਤੇ ਸਪੋਕਸਮੈਨ ਪ੍ਰੋ. ਤਰੁਣ ਘਈ ਦੀ ਰਹਿਨੁਮਾਈ ਹੇਠ ਚੱਲ ਰਹੇ ਇਸ ਧਰਨੇ ਨੂੰ ਫ਼ਿਰੋਜ਼ਪੁਰ ਦੇ ਵੱਖ ਵੱਖ ਮਹਿਕਮਿਆਂ ਦੀਆਂ ਮੁਲਾਜ਼ਮ ਜਥੇਬੰਦੀਆਂ, ਕਿਸਾਨ ਜਥੇਬੰਦੀਆਂ, ਜਨਤਕ ਸੰਸਥਾਵਾਂ, ਲੇਖਕ ਜਥੇਬੰਦੀਆਂ ਤੇ ਸ਼ਹਿਰ ਦੇ ਮੋਹਤਬਰ ਲੋਕ ਇਸ ਧਰਨੇ ਵਾਲੀ ਥਾਂ 'ਤੇ ਪੁੱਜ ਰਹੇ ਹਨ। ਐਸੋਸੀਏਸ਼ਨ ਆਫ਼ ਅਣਏਡਿਡ ਕਾਲਜ ਟੀਚਰਜ਼ ਪੰਜਾਬ ਐਂਡ ਚੰਡੀਗੜ੍ਹ ਦੇ ਸਪੋਕਸਮੈਨ ਪ੍ਰੋ. ਤਰੁਣ ਘਈ ਨੇ ਐਲਾਨ ਕੀਤਾ ਕਿ 22 ਅਗਸਤ ਸੰਘਰਸ਼ ਨੂੰ ਤੇਜ਼ ਕਰਦਿਆਂ ਫ਼ਿਰੋਜ਼ਪੁਰ ਸ਼ਹਿਰ ਵਿੱਚ ਇੱਕ ਵਿਸ਼ਾਲ ਮਾਰਚ ਕੱਢਿਆ ਜਾਵੇਗਾ, ਜੋ ਆਰ. ਐੱਸ. ਡੀ. ਕਾਲਜ ਤੋਂ ਸ਼ੁਰੂ ਹੋ ਕੇ ਬਜ਼ਾਰ ਵਿੱਚੋਂ ਹੁੰਦਾ ਹੋਇਆ ਸ਼ਹੀਦ ਊਧਮ ਸਿੰਘ ਚੌਕ 'ਤੇ ਸਮਾਪਤ ਹੋਵੇਗਾ।ਉਪਰੰਤ ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜਿਆ ਜਾਵੇਗਾ।ਪ੍ਰੋ. ਘਈ ਨੇ ਇਹ ਵੀ ਦੱਸਿਆ ਕਿ 26 ਅਗਸਤ ਨੂੰ ਪੰਜਾਬ ਯੂਨੀਵਰਸਿਟੀ ਦੀ ਸਿੰਡੀਕੇਟ ਦੀ ਮੀਟਿੰਗ ਵਿੱਚ ਇਹ ਮਾਮਲਾ ਉਠਾਉਣ ਤੇ ਕਾਲਜ ਐਫੀਲੀਏਸ਼ਨ ਰੱਦ ਕਰਾਉਣ ਦੀ ਮੰਗ ਨੂੰ ਲੈ ਕੇ 25 ਅਗਸਤ ਨੂੰ 24 ਘੰਟੇ ਦਾ ਧਰਨਾ ਪੰਜਾਬ ਯੂਨੀਵਰਸਿਟੀ ਵਿੱਚ ਵੀ ਲਾਇਆ ਜਾਵੇਗਾ।ਲਾਇਲਪੁਰ ਖਾਲਸਾ ਕਾਲਜ ਬੁਆਏਜ਼, ਲਾਇਲਪੁਰ ਖਾਲਸਾ ਕਾਲਜ ਫਾਰ ਵੂਮੈਨ ਜਲੰਧਰ, ਖਾਲਸਾ ਕਾਲਜ ਗੜ੍ਹਦੀਵਾਲਾ, ਖਾਲਸਾ ਕਾਲਜ ਗੜ੍ਹਸ਼ੰਕਰ, ਮੋਦੀ ਕਾਲਜ ਪਟਿਆਲਾ, ਗੁਰੂ ਨਾਨਕ ਕਾਲਜ ਮੁਕਤਸਰ ਸਾਹਿਬ, ਗੁਰੂ ਨਾਨਕ ਕਾਲਜ ਬੰਗਾ, ਸਿੱਖ ਨੈਸ਼ਨਲ ਕਾਲਜ ਬੰਗਾ, ਖਾਲਸਾ ਕਾਲਜ ਗੁਰੂਸਰ ਸੁਧਾਰ, ਡੀ.ਏ.ਵੀ. ਕਾਲਜ ਫ਼ਿਰੋਜ਼ਪੁਰ, ਦੇਵ ਸਮਾਜ ਕਾਲਜ ਫ਼ਿਰੋਜ਼ਪੁਰ, ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ, ਭਾਗ ਸਿੰਘ ਹੇਅਰ ਕਾਲਜ ਕਾਲਾ ਟਿੱਬਾ ਅਬੋਹਰ ਗੁਰੂ ਨਾਨਕ ਖਾਲਸਾ ਕਾਲਜ ਅਬੋਹਰ ਤੋਂ ਅਧਿਆਪਕਾਂ ਨੇ ਧਰਨੇ ਵਿੱਚ ਪੁੱਜ ਕੇ ਆਪਣਾ ਸਮਰਥਨ ਹੜਤਾਲੀ ਅਧਿਆਪਕਾਂ ਨੂੰ ਦਿੱਤਾ।ਦੂਜੇ ਪਾਸੇ ਰਾਮ ਪ੍ਰਸਾਦ ਜ਼ਿਲ੍ਹਾ ਪ੍ਰਧਾਨ ਪ.ਸ.ਸ.ਫ਼., ਨਰਿੰਦਰ ਸ਼ਰਮਾ ਪੈਰਾ-ਮੈਡੀਕਲ ਯੂਨੀਅਨ, ਜਸਵਿੰਦਰ ਸਿੰਘ ਨਰਸਿੰਗ ਯੂਨੀਅਨ, ਪ੍ਰਵੀਨ ਕੁਮਾਰ ਤੇ ਰਾਜ ਕੁਮਾਰ ਪ.ਸ.ਸ.ਫ਼., ਸੰਦੀਪ ਸਿੰਘ ਐਕਸਰੇ ਯੂਨੀਅਨ ਤੇ ਰਾਜ ਕੁਮਾਰ ਪ੍ਰਧਾਨ ਸਿਵਲ ਹਸਪਤਾਲ ਦਰਜਾ ਚਾਰ ਦੀ ਅਗਵਾਈ ਵਿੱਚ ਦਰਜਨਾਂ ਕਰਮਚਾਰੀਆਂ ਨੇ ਆਰ. ਐੱਸ. ਡੀ. ਮੈਨੇਜਮੈਂਟ ਨੂੰ ਚਿਤਾਵਨੀ ਦਿੱਤੀ ਕਿ ਜੇ ਫ਼ਾਰਗ ਕੀਤੇ ਅਧਿਆਪਕਾਂ ਨੂੰ ਤੁਰੰਤ

19-Aug-PAGE- 3 qxd.qxd 8/18/2023 9:56 PM Page 1

ਸ਼ਾਹ ਵੱਲੋਂ ਗੁਜਰਾਤ 'ਚ ਤਿਰੰਗਾ ਯਾਤਰਾ ਦਾ ਉਦਘਾਟਨ

ਜਲੰਧਰ/ਲੁਧਿਆਣਾ : 'ਹਰ ਘਰ ਤਿਰੰਗਾ' ਮੁਹਿਮ ਤਹਿਤ ਆਯੋਜਿਤ ਤਿਰੰਗਾ ਯਾਤਰਾ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਹੇਠ ਅਹਿਮਦਾਬਾਦ ਵਿੱਚ ਕੱਢੀ ਗਈ। ਸ਼ਾਹ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਸਾਡੇ ਪੂਰਵਜਾਂ ਨੇ ਮਾਂ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਲੰਮਾ ਸਮਾਂ ਸੰਘਰਸ਼ ਕੀਤਾ ਹੈ ਕਿਉਂਕਿ ਆਜ਼ਾਦੀ ਪ੍ਰਾਪਤ ਕਰਨਾ ਉਨ੍ਹਾਂ ਦਾ ਜਨੂੰਨ ਸੀ। ਪੂਰਵਜਾਂ ਦਾ ਬਲੀਦਾਨ ਦੇਸ਼ ਦੇ ਸਾਰੇ ਨੌਜਵਾਨਾਂ ਲਈ ਇੱਕ ਗੀਤ ਹੈ। ਗੁਜਰਾਤ ਦੀ ਆਬਾਦੀ 6 ਕਰੋੜ ਅਤੇ ਕਰੀਬ 1 ਕਰੋੜ ਪਰਿਵਾਰਾਂ ਵਲੋਂ ਪ੍ਰੋਗਰਾਮ ਵਿੱਚ ਹੱਥਾਂ ਵਿੱਚ ਤਿਰੰਗਾ ਲੈ ਕੇ ਖੜ੍ਹੇ ਲੋਕਾਂ ਨੇ ਸਾਬਤ ਕਰ ਦਿੱਤਾ ਕਿ ਪ੍ਰਧਾਨ ਮੰਤਰੀ ਨਰਿਦਰ ਮੋਦੀ ਵੱਲੋਂ ਦੇਸ਼ ਵਾਸੀਆਂ ਦੇ ਮਨਾਂ ਵਿੱਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨ ਲਈ ਸ਼ੁਰੂ ਕੀਤੀ ਗਈ ਮੁਹਿਮ ਸਫਲ ਹੋ ਰਹੀ ਹੈ।

ਕੀਰਤੀ ਵਰਮਾ ਵੱਲੋਂ ਹੈਲੋ ਡਾਰਲਿੰਗ ਸੌਂਗ ਲਾਂਚ

ਚੰਡੀਗੜ੍ਹ : ਆਰਐੱਡਆਰ ਪ੍ਰੋਡਕਸ਼ਨ ਨੇ ਵੀਰਵਾਰ ਨੂੰ ਚੰਡੀਗੜ੍ਹ ਪ੍ਰੈੱਸ ਕਲੱਬ ਵਿਖੇ ਆਯੋਜਿਤ ਪ੍ਰੈੱਸ ਕਾਨਫਰੰਸ ਦੌਰਾਨ ਆਪਣਾ ਨਵਾਂ ਗੀਤ ਹੈਲੋ ਡਾਰਲਿੰਗ ਲਾਂਚ ਕੀਤਾ। ਟੀਵੀ ਸਕਰੀਨਿੰਗ ਦੀ ਦੁਨੀਆ 'ਚ ਕਾਫੀ ਸੁਰਖੀਆਂ ਬਟੋਰ ਚੁੱਕੀ ਇਸ ਗੀਤ ਦੀ ਲੀਡ ਕਾਸਟ ਕੀਰਤੀ ਵਰਮਾ ਵੀ ਸ਼ਾਮਲ ਹੋਈ। ਕੀਰਤੀ ਵਰਮਾ ਜਿਸ ਨੂੰ ਯੰਗ ਅਚੀਵਰਜ਼ ਲਈ ਦਾਦਾ ਸਾਹਿਬ ਫਾਲਕੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ, ਨੇ ਬਿੱਗ ਬੌਸ ਸੀਜ਼ਨ -12 ਅਤੇ ਐੱਮਟੀਵੀ ਰੋਡੀਜ਼ ਸਮੇਤ ਹੋਰ ਸ਼ੋਆਂ ਵਿੱਚ ਦਰਸਕਾਂ 'ਤੇ ਅਮਿੱਟ ਛਾਪ ਛੱਡੀ ਹੈ। ਇਸ ਮੌਕੇ ਗੀਤ ਦੇ ਲੇਖਕ, ਗਾਇਕ ਅਤੇ ਮੁੱਖ ਕਿਰਦਾਰ ਰਾਜਨ ਕੁਮਾਰ ਨੇ ਦੱਸਿਆ ਕਿ ਉਸ ਨੇ ਇਹ ਗੀਤ ਆਪਣੇ ਕਾਲਜ ਦੇ ਦਿਨਾਂ ਦੌਰਾਨ ਟਾਈਮਪਾਸ ਦੌਰਾਨ ਲਿਖਿਆ ਸੀ। ਗੀਤ ਦਾ ਨਿਰਦੇਸ਼ਨ ਅਮਨ ਟੱਲੇਵਾਲ ਨੇ ਕੀਤਾ ਹੈ ਜਦਕਿ ਕੈਮਰਾ ਵਰਕ ਦੀਪ ਫਰੇਮਜ਼ ਨੇ ਕੀਤਾ ਹੈ। ਜਿੰਮੀ ਇੱਕ ਮੇਕਅੱਪ ਕਲਾਕਾਰ ਹੈ।

ਕਟਾਰੂਚੱਕ ਨੇ ਧੁੱਸੀ ਬੰਨ੍ਹ ਦੀ ਮੁਰੰਮਤ ਦੇ ਕੰਮ ਦਾ ਲਿਆ ਜਾਇਜ਼ਾ

ਧਾਰੀਵੀਲ (ਗੁਰਦਾਸਪੁਰ), (ਮਨਦੀਪ ਸਿੰਘ ਵਿੱਕੀ)-ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਪੁਰਾਣਾ ਸ਼ਾਲਾ ਦੇ ਨਜ਼ਦੀਕ ਪਿੰਡ ਜਗਤਪੁਰ ਟਾਂਡਾ ਵਿਖੇ ਪਹੁੰਚ ਕੇ ਧੁੱਸੀ ਬੰਨ੍ਹ ਵਿੱਚ ਪਏ ਪਾੜ ਨੂੰ ਭਰਨ ਦੇ ਚੱਲ ਰਹੇ ਕਾਰਜ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਉੱਘੇ ਜਨਤਕ ਆਗੂ ਸ਼ਮਸ਼ੇਰ ਸਿੰਘ ਦੀਨਾਨਗਰ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ। ਕਟਾਰੂਚੱਕ ਨੇ ਕਿਹਾ ਕਿ ਧੁੱਸੀ ਬੰਨ੍ਹ ਦੀ ਮੁਰੰਮਤ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ ਅਤੇ ਜਲਦੀ ਹੀ ਇਸਨੂੰ ਠੀਕ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਰਾਹਤ ਕਾਰਜਾਂ ਵਿੱਚ ਲੱਗੀ ਹੋਈ ਹੈ ਅਤੇ ਕਿਸੇ ਨੂੰ ਕੋਈ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਸਮੇਤ ਰਾਹਤ ਕਾਰਜਾਂ ਵਿੱਚ ਲੱਗੀਆਂ ਸਾਰੀਆਂ ਟੀਮਾਂ ਦੀ ਸਰਾਹਨਾ ਕੀਤੀ।

ਪੌਂਗ ਡੈਮ ਤੋਂ ਰਾਹਤ ਦੀ ਖ਼ਬਰ, ਪਾਣੀ ਦੀ ਨਿਕਾਸੀ 80000 ਕਿਊਸਿਕ ਘਟਾਈ

ਗੁਰਦਾਸਪੁਰ, (ਜਨਕ ਮਹਾਂਜਨ)-ਬਿਆਸ ਦਰਿਆ ਦੇ ਪਾਣੀ ਦੀ ਮਾਰ ਹੇਠ ਆਏ ਇਲਾਕੇ ਦੇ ਲੋਕਾਂ ਲਈ ਪੌਂਗ ਡੈਮ ਤੋਂ ਰਾਹਤ ਦੀ ਖ਼ਬਰ ਆਈ ਹੈ। ਪੌਂਗ ਡੈਮ ਦੇ ਪ੍ਰਬੰਧਕਾਂ ਵੱਲੋਂ ਪਾਣੀ ਦੀ ਨਿਕਾਸੀ ਨੂੰ 80,000 ਕਿਊਸਿਕ ਘੱਟ ਕਰ ਦਿੱਤਾ ਹੈ ਜਿਸ ਨਾਲ ਦਰਿਆ ਬਿਆਸ ਵਿੱਚ ਪਾਣੀ ਦਾ ਪੱਧਰ ਘੱਟਦਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਹ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ 80000 ਕਿਊਸਿਕ ਪਾਣੀ ਘੱਟ ਹੋਣ ਤੋਂ ਬਾਅਦ ਹੁਣ ਦਰਿਆ ਬਿਆਸ ਦੇ ਪਾਣੀ ਦੇ ਪੱਧਰ ਵਿੱਚ ਕਮੀ ਆਵੇਗੀ ਜਿਸ ਨਾਲ ਬੇਟ ਇਲਾਕੇ ਵਿਚ ਪਾਣੀ ਦੀ ਮਾਰ ਹੇਠ ਆਏ ਇਲਾਕੇ ਦੇ ਲੋਕਾਂ ਨੂੰ ਵੀ ਵੱਡੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਪਿੰਡ ਜਗਤਪੁਰ ਟਾਂਡਾ ਵਿਖੇ ਧੁੱਸੀ ਬੰਨ੍ਹ 'ਚ ਪਏ ਪਾੜ ਨੂੰ ਪੂਰਨ ਦਾ ਕੰਮ ਜਾਰੀ ਹੈ ਅਤੇ ਪਾਣੀ ਘੱਟਣ ਨਾਲ ਰਿਪੇਅਰ ਦਾ ਕੰਮ ਵੀ ਆਸਾਨ ਹੋ ਸਕੇਗਾ। ਉਨ੍ਹਾਂ ਕਿਹਾ ਕਿ ਪਾਣੀ ਘੱਟਣ ਤੋਂ ਬਾਅਦ ਸਥਿਤੀ ਵਿੱਚ ਲਗਾਤਾਰ ਸੁਧਾਰ ਹੋ ਰਿਹਾ ਹੈ।

ਸ਼ਹੀਦ ਭਗਤ ਸਿੰਘ ਚੌਕ 'ਚ ਆਜ਼ਾਦੀ ਦਿਹਾੜੇ ਦੇ ਜਸ਼ਨ ਮਨਾਏ

ਧਾਰੀਵਾਲ, (ਮਨਦੀਪ ਵਿੱਕੀ)-ਸਮਾਜਸੇਵੀ ਸੰਸਥਾ ਵਾਈਸ ਆਫ ਧਾਰੀਵਾਲ ਵੱਲੋਂ ਸ਼ਹੀਦ ਭਗਤ ਸਿੰਘ ਚੌਕ ਧਾਰੀਵਾਲ ਵਿਖੇ ਦੇਸ਼ ਦੀ ਅਜ਼ਾਦੀ ਦਾ 77ਵਾਂ ਆਜ਼ਾਦੀ ਦਿਹਾੜਾ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਸੰਸਥਾ ਦੇ ਕਨਵੀਨਰ ਡਾਕਟਰ ਕਮਲਜੀਤ ਸਿੰਘ ਕੇਜੇ ਨੇ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਅਤੇ ਸਮੁੱਚੀ ਟੀਮ ਨੇ ਰਾਸ਼ਟਰੀ ਗੀਤ ਗਾਇਨ ਕੀਤਾ। ਇਸ ਮੌਕੇ ਡਾ: ਕਮਲਜੀਤ ਸਿੰਘ ਕੇਜੇ, ਰਿਟਾ.ਐਸ ਪੀ ਚਰਨ ਸਿੰਘ ਚਾਹਲ, ਐਡਵੋਕੇਟ ਸ਼ਿਵਚਰਨ ਸਿੰਘ ਮਾਨ, ਇੰਜੀ: ਜਤਿੰਦਰ ਪਾਲ ਸਿੰਘ, ਐਸਡੀਓ ਸੁਖਦੇਵ ਸਿੰਘ, ਸੁਭਾਸ਼ ਭੁੰਬਲੀ, ਬਲਵਿੰਦਰ ਸਿੰਘ ਮੱਲ੍ਹੀ, ਗੁਰਬਚਨ ਸਿੰਘ ਜ਼ਿਲ੍ਹੇਦਾਰ, ਬੀਬੀ ਸੁਖਵਿੰਦਰ ਕੌਰ ਬਾਜਵਾ ਆਦਿ ਸਮੇਤ ਵਾਇਸ ਆਫ਼ ਧਾਰੀਵਾਲ ਦੀ ਸਮੁੱਚੀ ਟੀਮ ਅਤੇ ਸ਼ਹਿਰ ਵਾਸੀ ਹਾਜ਼ਰ ਸਨ।

ਹੜ੍ਹ ਪ੍ਰਭਾਵਿਤ ਖੇਤਰਾਂ 'ਚ ਜੰਗੀ ਪੱਧਰ 'ਤੇ ਰਾਹਤ ਕਾਰਜ ਜਾਰੀ : ਐੱਸਡੀਐੱਮ

ਬਟਾਲਾ, (ਡਾ. ਮਲਵਿੰਦਰ ਸਿੰਘ)-ਡਾ. ਹਿਮਾਂਸ਼ੂ ਅਗਰਵਾਲ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਪ੍ਰਸ਼ਾਸਨ ਵਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਰਾਹਤ ਪਹੁੰਚਾਈ ਜਾ ਰਹੀ ਹੈ ਅਤੇ ਹੜ੍ਹ ਨਾਲ ਪ੍ਰਭਾਵਿਤ ਪਿੰਡਾਂ ਵਿੱਚ ਜੰਗੀ ਪੱਧਰ 'ਤੇ ਰਾਹਤ ਕਾਰਜ ਜਾਰੀ ਹਨ। ਇਹ ਜਾਣਕਾਰੀ ਦਿੰਦਿਆਂ ਡਾ. ਸ਼ਾਇਰੀ ਭੰਡਾਰੀ ਐੱਸਡੀਐੱਮ ਬਟਾਲਾ ਨੇ ਦੱਸਿਆ ਕਿ ਬਿਆਸ ਦਰਿਆ ਨੇੜਲੇ ਖੇਤਰ ਜਿਵੇਂ ਸ੍ਰੀ ਹਰਗੋਬਿੰਦਪੁਰ ਸਾਹਿਬ, ਕਾਹਨੂੰਵਾਨ ਅਤੇ ਪੁਰਾਣਾ ਸ਼ਾਲਾ ਨੇੜਲੇ ਕੁਝ ਪਿੰਡ ਹੜ੍ਹ ਨਾਲ ਪ੍ਰਭਾਵਿਤ ਹੋਏ ਹਨ ਪਰ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰੇਦਸ਼ਾਂ ਹੇਠ ਹੜ੍ਹ ਪ੍ਰਭਾਵਿਤ ਖੇਤਰਾਂ ਨੂੰ 4 ਸੈਕਟਰਾਂ ਵਿੱਚ ਵੰਡ ਕੇ ਵੱਖ-ਵੱਖ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ, ਜੋ ਦਿਨ ਰਾਤ ਰਾਹਤ ਕੰਮ ਵਿੱਚ ਲੱਗੀਆਂ ਹਨ। ਉਨ੍ਹਾਂ ਕਿਹਾ ਕਿ ਲੋੜ ਪੈਣ 'ਤੇ ਹੈਲਪ ਲਾਈਨ ਨੰਬਰ 1800-180-1852 ਜਾਂ 112 ਨੰਬਰ ਤੇ ਕਾਲ ਕੀਤੀ ਜਾ ਸਕਦੀ ਹੈ।

ਪੰਜਾਬ ਸਰਕਾਰ ਇਸ ਔਖੀ ਘੜੀ 'ਚ ਹੜ੍ਹ ਪੀੜਤਾਂ ਦੇ ਨਾਲ ਖੜ੍ਹੀ : ਜਗਰੂਪ ਸੇਖਵਾਂ

ਧਾਰੀਵਾਲ (ਗੁਰਦਾਸਪੁਰ), (ਮਨਦੀਪ ਸਿੰਘ ਵਿੱਕੀ)-ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਵੱਲੋਂ ਅਧਿਕਾਰੀਆਂ ਦੇ ਨਾਲ ਕਾਹਨੂੰਵਾਨ ਦੇ ਨੇੜੇ ਹੜ੍ਹ ਪ੍ਰਭਾਵਤ ਖੇਤਰਾਂ ਦਾ ਦੌਰਾ ਕਰਕੇ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਐਸਅੱਸਪੀ ਗੁਰਦਾਸਪੁਰ ਹਰੀਸ਼ ਦਾਯਮਾ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ। ਹੜ੍ਹ ਪ੍ਰਭਾਵਿਤ ਪਿੰਡਾਂ ਰਾਜੂ ਬੇਲਾ, ਛਿੱਛਰਾ ਅਤੇ ਝੰਡਾ ਲੁਬਾਣਾ ਦਾ ਦੌਰਾ ਕਰਨ ਤੋਂ ਬਾਅਦ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਇਲਾਕੇ ਵਿੱਚ ਹੜ੍ਹਾਂ ਦੀ ਸਥਿਤੀ ਕਾਬੂ ਹੇਠ ਹੈ।

ਸ਼ੈਰੀ ਕਲਸੀ ਵੱਲੋਂ ਹੰਸਲੀ ਨਾਖਾਸੂ ਨਾਲੇ 'ਤੇ ਪੁਲ ਦਾ ਉਦਘਾਟਨ

ਬਟਾਲਾ (ਡਾ. ਮਲਵਿੰਦਰ ਸਿੰਘ)-ਸ. ਅਮਨਸ਼ੇਰ ਸਿੰਘ ਸ਼ੈਰੀ ਕਲਸੀ ਹਲਕਾ ਵਿਧਾਇਕ ਬਟਾਲਾ ਵਲੋਂ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਧੀਰ ਰੋਡ ਵਿਖੇ ਹੰਸਲੀ ਨਾਖਾਸੂ ਨਾਲੇ ਤੇ ਬਣੇ ਨਵੇਂ ਪੁਲ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਐਕਸੀਅਨ ਹਰਜੋਤ ਸਿੰਘ, ਚੇਅਰਮੈਨ ਸੁਖਜਿੰਦਰ ਸਿੰਘ, ਐਮ. ਸੀ. ਬਲਵਿੰਦਰ ਸਿੰਘ ਮਿੰਟਾ, ਸਰਦੂਲ ਸਿੰਘ, ਰਾਕੇਸ਼ ਤੁਲੀ, ਅਜੇ ਕੁਮਾਰ, ਆਸ਼ੂ ਗੋਇਲ, ਗਗਨ ਬਟਾਲਾ, ਮਲਕੀਤ ਸਿੰਘ, ਮਾਣਿਕ ਮਹਿਤਾ, ਨਿੱਕੂ ਹੰਸਪਾਲ ਅਤੇ ਆਪ ਪਾਰਟੀ ਦੇ ਆਗੂ ਤੇ ਵਰਕਰ ਵੱਡੀ ਗਿਣਤੀ ਵਿੱਚ ਮੌਜੂਦ ਸਨ।

ਮਨੀਪੁਰ ਤੇ ਹਰਿਆਣਾ 'ਚ ਹਿੰਸਾ ਕਰਨ ਵਾਲਿਆਂ ਨੂੰ ਸਖਤ ਸਜ਼ਾ ਦਿਓ: ਰੁਪਿੰਦਰ, ਰਜਿੰਦਰਪਾਲ ਕੌਰ

ਭਿੱਖੀਵਿੰਡ (ਨਜ਼ਸ)-ਨੈਸ਼ਨਲ ਫੈਡਰੇਸ਼ਨ ਆਫ ਇੰਡੀਆ ਦੇ ਸੱਦੇ 'ਤੇ ਪੰਜਾਬ ਇਸਤਰੀ ਸਭਾ ਵੱਲੋਂ 14 ਜੁਲਾਈ ਨੂੰ 'ਮੇਰੇ ਘਰ ਆ ਕੇ ਦੇਖੋ' ਮੁਹਿਮ ਦਾ ਆਗਾਜ਼ ਕੀਤਾ ਗਿਆ ਜਿਸ ਦੇ ਤਹਿਤ ਨਰਿੰਦਰ ਅਲਗੋਂ ਅਤੇ ਟਹਿਲ ਸਿੰਘ ਨੇ ਪਲੇਠੀ ਮੀਟਿੰਗ ਦਾ ਉੱਦਮ ਕੀਤਾ। ਇਸ ਮੀਟਿੰਗ ਦੀ ਪ੍ਰਧਾਨਗੀ ਬਲਬੀਰ ਕੌਰ ਨੇ ਕੀਤੀ। ਪੰਜਾਬ ਇਸਤਰੀ ਸਭਾ ਦੀ ਸੂਬਾ ਮੀਤ ਪ੍ਰਧਾਨ ਰੁਪਿੰਦਰ ਮਾੜੀਮੇਘਾ ਨੇ ਮਨੀਪੁਰ ਹਿੰਸਾ ਦਾ ਵਰਨਣ ਕਰਦਿਆਂ ਦੱਸਿਆ ਕਿ ਇਹੋ ਜਿਹੇ ਕੰਮ ਲੋਕਾਂ ਨੂੰ ਮਰਵਾ ਕੇ ਗੱਦੀਆਂ ਲੱਭਣ ਵਾਲੀਆਂ ਸਰਕਾਰਾਂ ਕਰਦੀਆਂ ਹਨ ਅਤੇ ਅਸੀਂ ਇਹ ਮੁਹਿਮ ਘਰ-ਘਰ ਜਾ ਕੇ ਪਿਆਰ ਮੁਹੱਬਤ ਦਾ ਸੁਨੇਹਾ ਦੇਣ ਵਾਸਤੇ ਸ਼ੁਰੂ ਕੀਤੀ ਹੈ। ਅਸੀਂ ਵੱਧ ਤੋਂ ਵੱਧ ਲੋਕਾਂ ਨੂੰ ਮਿਲ ਕੇ ਸੁਨੇਹਾ ਦੇਵਾਂਗੇ ਕਿ ਸਰਕਾਰ ਦੀਆਂ ਚਲਾਕੀਆਂ ਦਾ ਮਿਲ ਕੇ ਮੁਕਾਬਲਾ ਕਰੀਏ। ਸੂਬਾ ਜਨਰਲ ਸਕੱਤਰ ਰਾਜਿੰਦਰਪਾਲ ਕੌਰ ਨੇ ਕਿਹਾ ਕਿ ਇਹ ਸਮੂਹਿਕ ਹਿੰਸਾ ਦੀ ਸ਼ੁਰੂਆਤ 2002 ਵਿੱਚ ਗੁਜਰਾਤ ਤੋਂ ਸ਼ੁਰੂ ਹੋਈ ਜਿੱਥੇ ਬੇਕਸੂਰ ਲੋਕਾਂ ਦਾ ਕਤਲ ਕਰਕੇ ਔਰਤਾਂ ਦੀ ਇੱਜ਼ਤ ਨਾਲ ਖਿਲਵਾੜ ਕੀਤਾ ਗਿਆ। ਇਹ ਅੱਗ ਯੂ. ਪੀ, ਦਿੱਲੀ, ਕਰਨਾਟਕ, ਮਨੀਪੁਰ, ਹਰਿਆਣਾ ਵਿੱਚ ਵੀ ਫੈਲਾਉਣ ਦੀ ਕੋਸ਼ਿਸ਼ ਕੀਤੀ ਗਈ। ਹਰਿਆਣਾ ਵਿੱਚ ਜਿਵੇਂ ਖਾਪ ਪੰਚਾਇਤਾਂ ਨੇ ਮਿਲ ਕੇ ਹਿੰਸਾ ਦਾ ਟਾਕਰਾ ਕਰਨ ਅਤੇ ਆਪਸੀ ਭਾਈਚਾਰੇ ਕਾਇਮ ਰੱਖਣ ਦਾ ਫੈਸਲਾ ਕੀਤਾ ਹੈ, ਇਕ ਸ਼ਲਾਘਾਯੋਗ ਕਦਮ ਹੈ। ਲੀਗਲ ਲਿਟਰੇਸੀ ਮੁਹਿਮ ਦੇ ਤਹਿਤ ਔਰਤਾਂ ਲਈ ਬਣਾਏ ਗਏ ਕਾਨੂੰਨਾਂ ਦੀ ਵੀ ਜਾਣਕਾਰੀ ਦਿੱਤੀ।

ਕਾਮਰੇਡ ਨਰਿੰਦਰ ਅਲਗੋਂ ਨੇ ਨਰੇਗਾ ਵਰਕਰਜ਼ ਦੀਆਂ ਮੁਸ਼ਕਲਾਂ ਦਾ ਵਰਨਣ ਕਰਦਿਆਂ ਉਨ੍ਹਾਂ ਨੂੰ ਸੁਲਝਾਉਣ ਲਈ ਇਕੱਠੇ ਹੋਣ 'ਤੇ ਜ਼ੋਰ ਦਿੱਤਾ ਅਤੇ ਦੇਸ਼ ਵਿੱਚ ਚਲ ਰਹੀ ਹਿੰਸਾ ਦੀ ਨੀਤੀ ਅਤੇ ਔਰਤਾਂ ਦੀ ਬੇਪੱਤੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਪੰਜਾਬ ਇਸਤਰੀ ਸਭਾ ਵੱਲੋਂ ਚਲਾਈ ਮੁਹਿਮ ਦੀ ਸ਼ਲਾਘਾ ਕੀਤੀ। ਨਰੇਗਾ ਵਰਕਰਜ਼ ਯੂਨੀਅਨ ਦੇ ਆਗੂ ਟਹਿਲ ਸਿੰਘ ਭਾਈ ਲੱਧੂ ਨੇ ਪੰਜਾਬ ਇਸਤਰੀ ਸਭਾ ਵੱਲੋਂ ਚਲਾਈਆਂ ਦੋਵਾਂ ਮੁਹਿਮਾਂ ਵਿੱਚ ਸਾਥ ਦੇਣ ਦਾ ਵਾਅਦਾ ਕੀਤਾ। ਜਸਬੀਰ ਕੌਰ ਨੇ ਭਗਤ ਸਿੰਘ ਬਾਰੇ ਗੀਤ ਸੁਣਾ ਕੇ ਸਭ ਨੂੰ ਭਾਵੁਕ ਕਰ ਦਿੱਤਾ। ਬਲਬੀਰ ਕੌਰ ਪ੍ਰਧਾਨ ਨੇ ਧੰਨਵਾਦ ਕੀਤਾ।

ਸ਼ਹੀਦ ਮਦਨ ਲਾਲ ਢੀਂਗਰਾ ਦੇ ਸ਼ਹੀਦੀ ਦਿਹਾੜੇ 'ਤੇ ਸਮਾਗਮ

ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)-ਸ਼ਹੀਦ ਮਦਨ ਲਾਲ ਢੀਂਗਰਾ ਦੀ ਸ਼ਹੀਦੀ ਸਬੰਧੀ ਗੋਲਬਾਗ ਵਿਖੇ ਸਥਾਪਿਤ ਸ਼ਹੀਦ ਮਦਨ ਲਾਲ ਢੀਂਗਰਾ ਦੇ ਸਮਾਰਕ 'ਤੇ ਗਵਰਨਰ ਪੰਜਾਬ ਦੇ ਵਧੀਕ ਪ੍ਰਮੁੱਖ ਸਕੱਤਰ ਕੇ. ਸ਼ਿਵਾ ਪ੍ਰਸਾਦ ਅਤੇ ਪੰਜਾਬ ਸਰਕਾਰ ਦੀ ਤਰਫ਼ੋਂ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਵਲੋਂ ਫੁੱਲ ਮਲਾਵਾਂ ਅਰਪਿਤ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਬੋਲਦਿਆਂ ਵਧੀਕ ਪ੍ਰਮੁੱਖ ਸਕੱਤਰ ਨੇ ਕਿਹਾ ਕਿ ਅੱਜ ਸਮੇਂ ਦੀ ਵੱਡੀ ਜ਼ਰੂਰਤ ਹੈ ਕਿ ਸ਼ਹੀਦਾਂ ਦੀ ਸੋਚ ਤੇ ਪਹਿਰਾ ਦਿੱਤਾ ਜਾਵੇ। ਇਸ ਮੌਕੇ ਸੰਬੋਧਨ ਕਰਦੇ ਹੋਏ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਕਿਹਾ ਕਿ ਸ਼ਹੀਦ ਮਦਨ ਲਾਲ ਢੀਂਗਰਾ ਨੇ 26 ਸਾਲ ਦੀ ਉਮਰ ਵਿੱਚ ਹੀ ਆਪਣੀ ਜਵਾਨੀ ਦੇਸ਼ ਦੇ ਲੇਖੇ ਲਾ ਦਿੱਤੀ ਸੀ। ਉਨਾਂ ਕਿਹਾ ਕਿ ਅਸੀਂ ਸ਼ਹੀਦਾਂ ਦੀ ਬਦੌਲਤ ਹੀ ਆਜ਼ਾਦੀ ਦਾ ਆਨੰਦ ਮਾਣ ਰਹੇ ਹਾਂ ਅਤੇ ਸਾਡਾ ਸਭ ਦਾ ਫਰਜ ਬਣਦਾ ਹੈ ਕਿ ਅਸੀਂ ਸ਼ਹੀਦਾਂ ਦੁਆਰਾ ਦਰਸਾਏ ਗਏ ਰਸਤੇ ਦੇ ਚੱਲੀਏ ਅਤੇ ਉਨਾਂ ਦੇ ਸੁਪਨਿਆਂ ਨੂੰ ਸਾਕਾਰ ਕਰੀਏ। ਇਸ ਮੌਕੇ ਮਨਦੀਪ ਘਈ ਦੀ ਟੀਮ ਵਲੋਂ ਬਲੀਦਾਨ ਨਾਟਕ ਦੀ ਪੇਸ਼ਕਾਰੀ ਕੀਤੀ ਗਈ। ਬੱਚਿਆਂ ਵੱਲੋਂ ਦੇਸ਼ ਭਗਤੀ ਦੇ ਗੀਤ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ। ਸ਼ਹ

19-Aug-PAGE-4.qxd 8/18/2023 9:53 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 19 ਅਗਸਤ 2023

ਬੇਰੁਜ਼ਗਾਰੀ ਹੀ ਵੱਡਾ ਮਸਲਾ

ਲੋਕਨੀਤੀ-ਸੀ ਐੱਸ ਡੀ ਐੱਸ ਦੇ ਤਾਜ਼ਾ ਸਰਵੇ ਵਿਚ ਇਹ ਖੁਲਾਸਾ ਹੋਇਆ ਹੈ ਕਿ ਦੇਸ਼ ਦੇ 15 ਤੋਂ 34 ਸਾਲ ਦੇ 36 ਫੀਸਦੀ ਨੌਜਵਾਨ ਬੇਰੁਜ਼ਗਾਰੀ ਨੂੰ ਸਭ ਤੋਂ ਵੱਡੀ ਸਮੱਸਿਆ ਮੰਨਦੇ ਹਨ ਜਦਕਿ 16 ਫੀਸਦੀ ਗਰੀਬੀ ਤੇ 13 ਫੀਸਦੀ ਮਹਿੰਗਾਈ ਨੂੰ। ਇਸ ਮਹੀਨੇ ਦੇ ਸ਼ੁਰੂਆਤ ਵਿਚ ਜਾਰੀ ਸਰਵੇ ਮੁਤਾਬਕ 6 ਫੀਸਦੀ ਨੌਜਵਾਨਾਂ ਨੇ ਭ੍ਰਿਸ਼ਟਾਚਾਰ ਨੂੰ ਦੇਸ਼ ਅੱਗੇ ਸਭ ਤੋਂ ਵੱਡੀ ਚੁਣੌਤੀ ਮੰਨਿਆ ਜਦਕਿ 4 ਫੀਸਦੀ ਨੇ ਸਿੱਖਿਆ ਤੇ ਵਧਦੀ ਅਬਾਦੀ ਨੂੰ ਚੁਣੌਤੀ ਦੱਸਿਆ। ਇਸੇ ਜਥੇਬੰਦੀ ਵੱਲੋਂ 2016 ਵਿਚ ਵੀ ਅਜਿਹਾ ਸਰਵੇ ਕੀਤਾ ਗਿਆ ਸੀ। ਉਦੋਂ ਤੋਂ ਹੁਣ ਤੱਕ ਬੇਰੁਜ਼ਗਾਰੀ ਨੂੰ ਸਭ ਤੋਂ ਵੱਡੀ ਸਮੱਸਿਆ ਮੰਨਣ ਵਾਲੇ ਨੌਜਵਾਨਾਂ ਦੀ ਗਿਣਤੀ ਵਿਚ 18 ਫੀਸਦੀ ਤੇ ਮਹਿੰਗਾਈ ਨੂੰ ਸਭ ਤੋਂ ਵੱਡੀ ਸਮੱਸਿਆ ਮੰਨਣ ਵਾਲੇ ਨੌਜਵਾਨਾਂ ਦੀ ਗਿਣਤੀ 'ਚ 7 ਫੀਸਦੀ ਦਾ ਵਾਧਾ ਹੋਇਆ ਹੈ। ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੌਰ ਦੀ ਕਹਾਣੀ ਹੈ, ਜਿਹੜੇ ਭਾਰਤ ਨੂੰ ਦੁਨੀਆ ਦੀ ਤੀਜੀ ਵੱਡੀ ਆਰਥਕਤਾ ਬਣਾਉਣ ਦੇ ਆਏ ਦਿਨ ਦਮਗਜੇ ਮਾਰਦੇ ਹਨ। ਤਾਜ਼ਾ ਸਰਵੇ 18 ਰਾਜਾਂ ਦੇ 9316 ਨੌਜਵਾਨਾਂ ਵਿਚ ਕੀਤਾ ਗਿਆ ਤੇ ਇਹ ਸਾਰੇ ਮੱਧਮ ਵਰਗ ਦੇ ਸਨ। 40 ਫੀਸਦੀ ਗ੍ਰੈਜੂਏਟ ਜਾਂ ਇਸ ਤੋਂ ਵੱਧ ਪੜ੍ਹੇ ਸਨ ਤੇ ਉਨ੍ਹਾਂ ਨੇ ਬੇਰੁਜ਼ਗਾਰੀ ਨੂੰ ਸਭ ਤੋਂ ਵੱਡਾ ਮਸਲਾ ਦੱਸਿਆ। ਅਨਪੜ੍ਹ ਵਰਗ ਦੇ ਨੌਜਵਾਨਾਂ ਵਿੱਚੋਂ 27 ਫੀਸਦੀ ਨੇ ਬੇਰੁਜ਼ਗਾਰੀ ਨੂੰ ਸਭ ਤੋਂ ਵੱਡਾ ਮਸਲਾ ਦੱਸਿਆ। ਸਰਵੇ ਦੇ ਓਵਰਆਲ ਸਰਵੇ ਦੇ ਅੰਕੜਿਆਂ ਵਿਚ ਸਾਹਮਣੇ ਆਇਆ ਹੈ ਕਿ 42 ਫੀਸਦੀ ਮਰਦ ਤੇ 31 ਫੀਸਦੀ ਮਹਿਲਾਵਾਂ ਨੇ ਬੇਰੁਜ਼ਗਾਰੀ ਨੂੰ ਸਭ ਤੋਂ ਵੱਡਾ ਮਸਲਾ ਦੱਸਿਆ। ਘੱਟ ਆਮਦਨ ਵਾਲੇ ਵਰਗ ਦੇ ਨੌਜਵਾਨਾਂ ਲਈ ਗਰੀਬੀ ਤੇ ਵਧਦੀ ਮਹਿੰਗਾਈ ਸਭ ਤੋਂ ਵੱਡੀ ਸਮੱਸਿਆ ਹੈ। ਸਰਵੇ ਵਿਚ ਸ਼ਾਮਲ ਹਰ ਵਰਗ ਦੀਆਂ ਮਹਿਲਾਵਾਂ ਨੇ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਵਧਦੀਆਂ ਕੀਮਤਾਂ ਤੇ ਗਰੀਬੀ ਨੂੰ ਲੈ ਕੇ ਚਿੰਤਾ ਜਤਾਈ। ਸਰਵੇ ਵਿਚ ਸ਼ਾਮਲ ਨੌਜਵਾਨਾਂ ਤੋਂ ਉਨ੍ਹਾਂ ਦੀ ਨੌਕਰੀ ਦੀ ਪਸੰਦ ਬਾਰੇ ਪੁੱਛਣ 'ਤੇ 5 ਵਿੱਚੋਂ 3 ਨੇ ਸਰਕਾਰੀ ਨੌਕਰੀ ਨੂੰ ਤਰਜੀਹ ਦਿੱਤੀ ਜਦਕਿ 4 ਵਿੱਚੋਂ ਇਕ ਨੇ ਖੁਦ ਦੇ ਰੁਜ਼ਗਾਰ ਨੂੰ।

ਆਰਥਕ ਉਦਾਰੀਕਰਨ ਦਾ ਦੌਰ ਸ਼ੁਰੂ ਹੋਣ ਦੇ ਬਾਅਦ ਭਾਰਤ ਦਾ ਸਰਵਜਨਕ ਖੇਤਰ ਲਗਾਤਾਰ ਸਿਮਟ ਰਿਹਾ ਹੈ। ਰੁਜ਼ਗਾਰ ਪੈਦਾ ਕਰਨ ਦਾ ਦਾਰੋਮਦਾਰ ਨਿੱਜੀ ਖੇਤਰ 'ਤੇ ਹੈ। ਨਿੱਜੀ ਖੇਤਰ ਮੁਨਾਫੇ ਲਈ ਕੰਮ ਕਰਦਾ ਹੈ। ਉਹ ਨਿਵੇਸ਼ ਉਦੋਂ ਕਰਦਾ ਹੈ ਜਦੋਂ ਮੁਨਾਫੇ ਦੇ ਨਾਲ ਲਾਗਤ ਦੀ ਵਾਪਸੀ ਦਾ ਭਰੋਸਾ ਹੋਵੇ। ਮੁਨਾਫਾ ਉਦੋਂ ਹੋਵੇਗਾ ਜਦੋਂ ਬਜ਼ਾਰ ਵਿਚ ਮੰਗ ਹੋਵੇਗੀ। ਮੰਗ ਉਦੋਂ ਹੋਵੇਗੀ ਜਦੋਂ ਲੋਕਾਂ ਦੀ ਜੇਬ ਵਿਚ ਪੈਸੇ ਹੋਣਗੇ। ਨੋਟਬੰਦੀ ਤੇ ਜੀ ਐੱਸ ਟੀ ਦੇ ਬਾਅਦ ਬਜ਼ਾਰ ਸੰਭਲ ਨਹੀਂ ਸਕਿਆ। ਕੋਰੋਨਾ ਨੇ ਵੀ ਬਹੁਤ ਸੱਟ ਮਾਰੀ ਹੈ। ਅਨੇਕਾਂ ਛੋਟੇ ਤੇ ਦਰਮਿਆਨੇ ਕਾਰਖਾਨਿਆਂ ਨੂੰ ਤਾਲੇ ਲਗ ਚੁੱਕੇ ਹਨ। ਇਸ ਨੇ ਬੇਰੁਜ਼ਗਾਰਾਂ ਦੀ ਫੌਜ ਵਿਚ ਵਾਧਾ ਕਰ ਦਿੱਤਾ ਹੈ।

ਇਹ ਵਿਗਿਆਨ ਦਾ ਨਹੀਂ, ਫਲਸਫੇ ਦਾ ਵਿਸ਼ਾ ਹੈ

ਵਿਸ਼ਵਾ ਮਿੱਤਰ

ਸੇਬ ਦਰੱਖਤ ਤੋਂ ਟੁੱਟ ਕੇ ਹੇਠਾਂ ਧਰਤੀ 'ਤੇ ਡਿੱਗਿਆ। ਨਿਊਟਨ ਨੇ ਵੇਖਿਆ ਅਤੇ ਸੋਚਣਾ ਸ਼ੁਰੂ ਕਰ ਦਿੱਤਾ ਕਿ ਇਹ ਟੁੱਟ ਕੇ ਹੇਠਾਂ ਹੀ ਕਿਉਂ ਡਿੱਗਿਆ, ਹਵਾ ਵਿਚ ਕਿਉਂ ਨਹੀਂ ਲਟਕਦਾ ਰਹਿ ਗਿਆ, ਉੱਪਰ ਅਸਮਾਨ ਵੱਲ ਕਿਉਂ ਨਹੀਂ ਗਿਆ ਅਤੇ ਅੱਗੇ ਵਧਦੇ-ਵਧਦੇ ਉਸ ਨੇ ਗੁਰੂਤਾ ਦੇ ਨਿਯਮਾਂ ਦੀ ਖੋਜ ਕਰ ਲਈ, ਪਰ ਉਸ ਨੇ ਇਹ ਕਿਉਂ ਨਹੀਂ ਸੋਚਿਆ ਕਿ ਹੇਠਾਂ ਡਿੱਗਣ ਵਾਲਾ ਸੇਬ ਹੇਠਲੇ ਤਬਕੇ ਦੇ ਲੋਕਾਂ ਕੋਲ ਕਿਉਂ ਨਹੀਂ ਪਹੁੰਚਦਾ? ਹੇਠਾਂ ਡਿੱਗੇ ਸੇਬ ਨੂੰ ਜੇਕਰ ਕੋਈ ਗਰੀਬ ਬੱਚਾ ਚੁੱਕ ਲਵੇ ਤਾਂ ਉਸ ਨੂੰ ਬਗੀਚੇ ਦਾ ਮਾਲਕ ਕੁੱਟਦਾ ਕਿਉਂ ਹੈ? ਇਹ ਉਸ ਨੇ ਨਹੀਂ ਸੋਚਿਆ, ਕਿਉਂਕਿ ਇਹ ਵਿਗਿਆਨ ਦਾ ਵਿਸ਼ਾ ਨਹੀਂ ਹੈ।

ਵਿਗਿਆਨੀਆਂ ਨੇ ਪਾਗਲ ਕੁੱਤੇ ਦੇ ਕੱਟੇ ਜਾਣ 'ਤੇ ਲੱਗਣ ਵਾਲੇ ਟੀਕੇ ਬਣਾ ਲਏ ਅਤੇ ਹੁਣ ਕਿਸੇ ਨੂੰ ਪਾਗਲ ਕੁੱਤੇ ਦੇ ਕੱਟਣ 'ਤੇ ਜੇਕਰ ਉਹ ਇਸ ਦੇ ਟੀਕੇ ਲਵਾ ਲਵੇ ਤਾਂ ਉਹ ਬਿਲਕੁਲ ਠੀਕ ਰਹਿੰਦਾ ਹੈ ਅਤੇ ਉਸ ਦਾ ਪਰਵਾਰ ਜਾਂ ਉਸ ਦੇ ਜਾਣਕਾਰ ਉਸ ਨੂੰ ਬੇਝਿਜਕ ਮਿਲ ਸਕਦੇ ਹਨ। ਵਿਗਿਆਨਕਾਂ ਨੇ ਪੈਨਸਲੀਨ ਦੀ ਖੋਜ ਕਰ ਲਈ, ਜਿਸ ਨਾਲ ਹਰ ਪ੍ਰਕਾਰ ਦਾ ਜ਼ਖਮ ਛੇਤੀ ਭਰ ਜਾਂਦਾ ਹੈ, ਨਹੀਂ ਤਾਂ ਪਹਿਲੇ ਜ਼ਮਾਨੇ ਵਿਚ ਜਿਸ ਕਿਸੇ ਨੂੰ ਜ਼ਖਮ ਹੋ ਜਾਂਦਾ ਅਤੇ ਬਾਅਦ ਵਿੱਚ ਸੈਪਟਿਕ ਹੋ ਜਾਂਦਾ ਤਾਂ ਜ਼ਖਮੀ ਅੰਗ ਨੂੰ ਕਈ ਵਾਰ ਕਟਵਾ ਕੇ ਮਾਰਦਾ। ਲੱਗਭੱਗ ਹਰ ਬਿਮਾਰੀ ਦੇ ਇਲਾਜ ਦੀ ਖੋਜ ਹੋ ਚੁੱਕੀ ਹੈ ਅਤੇ ਅਪਰੇਸ਼ਨ ਵੀ ਬਿਨਾਂ ਦਰਦ ਦੇ ਹੁੰਦੇ ਹਨ। ਜੇਕਰ ਦਿਲ ਨੇ ਠੀਕ ਢੰਗ ਨਾਲ ਕੰਮ ਕਰਨਾ ਬੰਦ ਕਰ ਦਿੱਤਾ ਹੈ ਤਾਂ ਉਸ ਲਈ ਵਿਗਿਆਨ ਨੇ ਪੇਸ ਸੈੱਟਰ ਦੀ ਖੋਜ ਕਰ ਲਈ। ਜੇਕਰ ਗੁਰਦੇ ਠੀਕ ਕੰਮ ਨਹੀਂ ਕਰਦੇ ਤਾਂ ਉਹਨਾਂ ਲਈ ਡਾਇਲਿਸਿਸ ਦੀ ਇਜਾਦ ਹੋ ਚੁੱਕੀ ਹੈ, ਪਰ ਸਿਹਤ ਵਿਗਿਆਨੀ ਇਹ ਕਿਉਂ ਨਹੀਂ ਦੱਸ ਸਕਦੇ ਕਿ ਪਾਗਲ ਕੁੱਤੇ ਦੇ ਕੱਟੇ ਜਾਣ 'ਤੇ ਗਰੀਬ ਆਦਮੀ ਜ਼ਖਮਾਂ 'ਤੇ ਤੇਲ ਅਤੇ ਪੀਸੀਆਂ ਹੋਈਆਂ ਲਾਲ ਮਿਰਚਾਂ ਲਗਾਉਣ ਲਈ ਮਜਬੂਰ ਕਿਉਂ ਹੁੰਦਾ ਹੈ? ਇਹ ਵੀ ਨਹੀਂ ਦੱਸ ਸਕਦੇ ਕਿ ਗਰੀਬ ਆਦਮੀ ਮਰਦਾ ਮਰ ਜਾਂਦਾ ਹੈ, ਪਰ ਉਹ ਪੇਸ ਸੈੱਟਰ ਕਿਉਂ ਨਹੀਂ ਪਵਾ ਸਕਦਾ, ਡਾਇਲਿਸਿਸ ਕਿਉਂ ਨਹੀਂ ਕਰਵਾ ਸਕਦਾ, ਪੇਸ਼ਾਬ ਆਉਣਾ ਬੰਦ ਹੋ ਜਾਵੇ ਤਾਂ ਚੀਕਾਂ ਮਾਰਦਾ-ਮਾਰਦਾ ਮਰ ਜਾਂਦਾ ਹੈ, ਪਰ ਪ੍ਰੋਸਟੇਟ ਦਾ ਇਲਾਜ ਕਿਉਂ ਨਹੀਂ ਕਰਵਾ ਸਕਦਾ? ਇਹ ਸਿਹਤ ਵਿਗਿਆਨੀ ਨਹੀਂ ਦੱਸ ਸਕਦੇ, ਕਿਉਂਕਿ ਇਹ ਵਿਗਿਆਨ ਦਾ ਵਿਸ਼ਾ ਨਹੀਂ ਹੈ।

ਅੱਜ ਤੋਂ ਲੱਗਭੱਗ ਅੱਸੀ ਸਾਲ ਪਹਿਲਾਂ ਭਾਰਤ ਵਿਚ ਇਹੋ ਸਮਝਿਆ ਜਾਂਦਾ ਸੀ ਕਿ ਜੇਕਰ ਕਿਸੇ ਦੇਵਤੇ ਦੀ ਕਿਰਪਾ ਹੋ ਜਾਵੇ ਤਾਂ ਵਰਖਾ ਸਮੇਂ ਸਿਰ ਹੋ ਜਾਂਦੀ ਹੈ ਅਤੇ ਜੇਕਰ ਕਰੋਪੀ ਹੋਵੇ ਤਾਂ ਵਰਖਾ ਟਾਈਮੋ ਬੇਟਾਈਮ ਹੁੰਦੀ ਹੈ ਤਾਂ ਸੋਕਾ ਪੈ ਜਾਂਦਾ ਹੈ ਜਾਂ ਹੜ੍ਹ ਆ ਜਾਂਦੇ ਹਨ। ਪਰ ਹੁਣ ਭਾਵੇਂ ਕੁਝ ਹੜ੍ਹ ਹਰੇ-ਭਰੇ ਖੇਤਾਂ ਦਾ ਨੁਕਸਾਨ ਕਰ ਸਕਦੇ ਹਨ, ਪਰ ਪਹਾੜਾਂ 'ਤੇ ਜ਼ਿਆਦਾ ਬਾਰਿਸ਼ ਨਾਲ ਆਏ ਪਾਣੀ ਨੂੰ ਰੋਕਣ ਲਈ ਡੈਮ ਬਣ ਗਏ ਹਨ, ਜਿਹੜੇ ਹੜ੍ਹਾਂ ਨੂੰ ਰੋਕਦੇ ਹਨ ਅਤੇ ਸਾਰਾ ਸਾਲ ਨਹਿਰਾਂ ਰਾਹੀਂ ਖੇਤਾਂ ਨੂੰ ਪਾਣੀ ਦੇ ਸਕਦੇ ਹਨ ਅਤੇ ਹੁਣ ਅਸੀਂ ਵਰਖਾ ਵਾਲੇ ਦੇਵਤੇ ਦੀ ਕਿਰਪਾ ਜਾਂ ਕਰੋਪੀ 'ਤੇ ਨਿਰਭਰ ਨਹੀਂ। ਡੈਮ ਤੋਂ ਪੈਦਾ ਬਿਜਲੀ ਜਿੱਥੇ ਘਰਾਂ ਨੂੰ ਰੁਸ਼ਨਾਉਂਦੀ ਹੈ, ਉਥੇ ਧਰਤੀ ਹੇਠੋਂ ਪਾਣੀ ਕੱਢਣ ਲਈ ਟਿਊਬਵੈੱਲਾਂ ਨੂੰ ਵੀ ਬਿਜਲੀ ਮਿਲਦੀ ਹੈ। ਹੁਣ ਅਸੀਂ ਉਸ ਦੇਵਤੇ 'ਤੇ ਨਿਰਭਰ ਵੀ ਨਹੀਂ, ਜਿਸ ਦੀ ਕਰੋਪੀ ਨਾਲ ਕੀੜੇ ਸਾਡੀਆਂ ਫਸਲਾਂ ਤਬਾਹ ਕਰ ਦੇਂਦੇ ਸਨ ਅਤੇ ਕਿਰਪਾ ਨਾਲ ਫਸਲਾਂ ਬਚ ਜਾਂਦੀਆਂ ਸਨ। ਹਰ ਪ੍ਰਕਾਰ ਦੇ ਫਸਲ ਰੋਗ ਤੋਂ ਬਚਾਅ ਲਈ ਕੀੜੇਮਾਰ ਦਵਾਈਆਂ ਹਨ ਅਤੇ ਜੇਕਰ ਖੇਤੀ ਵਿਗਿਆਨੀਆਂ ਵੱਲੋਂ ਦੱਸੀ ਮਿਕਦਾਰ ਵਿਚ ਵੇਲੇ ਸਿਰ ਖੇਤਾਂ ਵਿਚ ਪਾ ਦਿੱਤੀਆਂ ਜਾਣ ਤਾਂ ਫਸਲਾਂ ਸੁਰੱਖਿਅਤ ਰਹਿੰਦੀਆਂ ਹਨ। ਹਰ ਪ੍ਰਕਾਰ ਦੀ ਫਸਲ ਲਈ ਲੋੜੀਂਦੇ ਤੱਤਾਂ ਲਈ ਖਾਦਾਂ ਦੀ ਖੋਜ ਵੀ ਖੇਤੀ ਵਿਗਿਆਨੀ ਕਰ ਚੁੱਕੇ ਹਨ। ਖੇਤੀ ਵਿਗਿਆਨੀਆਂ ਅਤੇ ਕਿਸਾਨ ਮਜ਼ਦੂਰਾਂ ਦੀ ਮਿਹਨਤ ਸਦਕਾ ਅਸੀਂ ਐਨਾ ਅਨਾਜ ਪੈਦਾ ਕਰਨ ਦੇ ਯੋਗ ਹੋ ਗਏ ਹਾਂ ਕਿ ਸਾਰੇ ਭਾਰਤ ਵਾਸੀਆਂ ਦਾ ਢਿੱਡ ਭਰਨ ਤੋਂ ਬਾਅਦ ਨਿਰਯਾਤ ਵੀ ਕਰ ਸਕਦੇ ਹਾਂ, ਪਰ ਐਨਾ ਕੁੱਝ ਹੋਣ ਦੇ ਬਾਵਜੂਦ ਭਾਰਤ ਦੇ ਕਰੋੜਾਂ ਲੋਕ ਰਾਤ ਨੂੰ ਭੁੱਖੇ ਢਿੱਡ ਸੌਣ ਨੂੰ ਕਿਉਂ ਮਜਬੂਰ ਹਨ? ਬੱਚੇ ਕੁਪੋਸ਼ਣ ਨਾਲ ਕਿਉਂ ਮਰ ਰਹੇ ਹਨ, ਕਿਸਾਨ ਜਾਂ ਮਜ਼ਦੂਰ ਆਤਮ-ਹੱਤਿਆ ਕਰਨ ਨੂੰ ਕਿਉਂ ਮਜਬੂਰ ਹੁੰਦੇ ਹਨ। ਪੰਜਾਬ ਵਿਚਲਾ ਪਾਣੀ ਰਿਪੇਰੀਅਨ ਸਟੇਟ ਪੰਜਾਬ ਨੂੰ ਕਿਉਂ ਨਹੀਂ ਮਿਲਦਾ? ਇਸ ਪ੍ਰਸ਼ਨ ਦਾ ਉੱਤਰ ਖੇਤੀ ਵਿਗਿਆਨੀ ਨਹੀਂ ਦੇ ਸਕਦੇ, ਕਿਉਂਕਿ ਇਹ ਵਿਗਿਆਨ ਦਾ ਵਿਸ਼ਾ ਨਹੀਂ ਹੈ।

ਅੱਜ ਤੋਂ ਅੱਸੀ ਸਾਲ ਪਹਿਲਾਂ ਭਾਰਤ ਇੰਡਸਟਰੀ ਵਿਚ ਬਹੁਤ ਪੱਛੜਿਆ ਹੋਇਆ ਸੀ, ਪਰ ਇੰਡਸਟਰੀਅਲ ਵਿਗਿਆਨ ਸਦਕਾ ਹੁਣ ਇੱਥੇ ਸੂਈ ਤੋਂ ਹਵਾਈ ਜਹਾਜ਼ ਤੱਕ ਅਤੇ ਮੌਸਮ ਵਿਗਿਆਨ ਦੀ ਜਾਣਕਾਰੀ ਦੇਣ ਵਾਲੇ ਰਾਕੇਟ ਅਤੇ ਚੰਦ੍ਰਯਾਨ ਤੱਕ ਬਣ ਗਏ ਹਨ। ਸਾਈਕਲ, ਬਾਈਕ, ਕਾਰਾਂ, ਟਰੱਕ, ਰੇਲ ਗੱਡੀਆਂ, ਹਵਾਈ ਜਹਾਜ਼ ਆਦਿ ਬਣ ਗਏ ਹਨ, ਪਰ ਅਜੇ ਤੱਕ ਕਈ ਵਿਅਕਤੀਆਂ ਕੋਲ ਸਾਈਕਲ ਵੀ ਨਹੀਂ ਹੈ, ਕਿਓਂ? ਅਰਥ ਵਿਗਿਆਨ ਸਦਕਾ ਆਰਥਿਕਤਾ ਬਹੁਤ ਵਧੀ ਹੈ, ਕਈ ਬੈਂਕ ਖੁੱਲ੍ਹ ਗਏ ਹਨ, 1947 ਦੇ ਵੇਲੇ ਨਾਲੋਂ ਹੁਣ ਕਰੰਸੀ ਨੋਟਾਂ ਦੀ ਮਿਕਦਾਰ ਘੱਟੋ-ਘੱਟ ਹਜ਼ਾਰ ਗੁਣਾ ਵਧੀ ਹੈ ਅਤੇ ਸੌ ਦੇ ਨੋਟਾਂ ਤੋਂ ਉੱਤੇ ਪੰਜ ਸੌ ਦੇ ਨੋਟ ਚੱਲ ਰਹੇ ਹਨ ਅਤੇ ਹਜ਼ਾਰ ਦੇ ਨੋਟ ਵੀ ਚਲ ਪਏ ਸਨ, ਦੋ ਹਜ਼ਾਰ ਦੇ ਨੋਟ ਵੀ ਚਲੇ ਸੀ ਭਾਵੇਂ ਕਿ ਜਿਹੜੇ ਮਕਸਦਾਂ ਲਈ ਬੰਦ ਕੀਤੇ ਸਨ ਉਹਨਾਂ ਵਿੱਚੋਂ ਕੋਈ ਵੀ ਪੂਰਾ ਨਹੀਂ ਹੋਇਆ। ਇਸ ਤੋਂ ਇਲਾਵਾ ਅਮੀਰੀ-ਗਰੀਬੀ ਦਾ ਪਾੜਾ ਵਧ ਗਿਆ ਹੈ। ਅਮਰੀਕਾ ਦੀ ਇੱਕ ਬਹੁਤ ਪੁਰਾਣੀ ਮਿਸਾਲ ਹੈ ਜਿਹੜੀ ਭਾਰਤ 'ਤੇ ਵੀ ਅੱਜ ਦੇ ਹਾਲਾਤਾ ਅਨੁਸਾਰ ਢੁਕਦੀ ਹੈ। 1969 ਵਿਚ ਇੰਗਲੈਂਡ ਦੇ ਇੱਕ ਮੈਗਜ਼ੀਨ ਕ੍ਰਿਸਚਿਅਨ ਸਾਇੰਸ ਨੇ ਟਾਈਟਲ ਸਫੇ 'ਤੇ ਇੱਕ ਫੋਟੋ ਛਾਪੀ ਕਿ ਅਮਰੀਕੀ ਪੁਲਾੜ ਯਾਤਰੀ ਅਪੋਲੋ - 11 ਰਾਕੇਟ ਰਾਹੀਂ ਚੰਨ ਤੇ ਜਾਣ ਲਈ ਰਾਕੇਟ ਦੀਆਂ ਪੌੜੀਆਂ ਚੜ੍ਹ ਰਹੇ ਹਨ ਅਤੇ ਹੇਠਾਂ ਇੱਕ ਭਿਖਾਰੀ ਹੱਥ ਵਿਚ ਠੂਠਾ ਫੜ ਕੇ ਭੀਖ ਮੰਗ ਰਿਹਾ ਹੈ, ਪਰ ਸੁਆਲ ਪੈਦਾ ਹੁੰਦਾ ਹੈ ਕਿ ਐਨਾ ਕੁੱਝ ਹੋਣ ਦੇ ਬਾਵਜੂਦ ਭਾਰਤ ਵਿਚ ਬੇਰੁਜ਼ਗਾਰੀ ਕਿਉਂ ਵਧ ਗਈ ਹੈ, ਇੱਕ ਮੈਟ੍ਰਿਕ ਪਾਸ ਸੇਵਾਦਾਰ ਦੀ ਅਸਾਮੀ ਲਈ ਬੀ.ਏ, ਐਮ. ਏ ਪਾਸ, ਇੰਜੀਨੀਅਰਾਂ ਦੇ ਹਜ਼ਾਰਾਂ ਪ੍ਰਾਰਥਨਾ ਪੱਤਰ ਕਿਉਂ ਆ ਜਾਂਦੇ ਹਨ। ਬੈਂਕਾਂ ਦੇ ਕਰੋੜਾਂ-ਅਰਬਾਂ ਰੁਪਏ ਫਰਾਡੀਏ ਕਿਵੇਂ ਭਾਰਤ ਵਿਚੋਂ ਬਾਹਰ ਲਿਜਾਣ ਲਈ ਕਮਯਾਬ ਹੋ ਜਾਂਦੇ ਹਨ। ਭਾਰਤ ਵਿਚ ਭਿਖਾਰੀ ਕਿਉਂ ਵਧ ਰਹੇ ਹਨ, ਭਾਰਤ ਵਿੱਚੋਂ ਨੌਜਵਾਨ ਕਾਨੂੰਨੀ ਅਤੇ ਗੈਰ ਕਾਨੂੰਨੀ ਢੰਗ ਨਾਲ ਵਿਦੇਸ਼ਾਂ ਵੱਲ ਕਿਉਂ ਜਾ ਰਹੇ ਹਨ, ਜਵਾਨੀ ਨਸ਼ਿਆਂ ਨਾਲ ਕਿਉਂ ਤਬਾਹ ਹੋ ਰਹੀ ਹੈ, ਵੈਸਯਾਵ੍ਰਿਤੀ ਅਜੇ ਵੀ ਭਾਰਤ ਵਿਚ ਕਿਉਂ ਹੈ। ਕੋਈ ਉੱਤਰ ਨਹੀਂ, ਕਿਉਂਕਿ ਇਹ ਇੰਡਸਟਰੀ ਵਿਗਿਆਨ ਜਾਂ ਅਰਥ ਵਿਗਿਆਨ ਦਾ ਵਿਸ਼ਾ ਨਹੀਂ।

ਕ੍ਰਾਈਮ ਵਿਗਿਆਨ ਨੇ ਵੀ ਬਹੁਤ ਤਰੱਕੀ ਕਰ ਲਈ ਹੈ। ਹੁਣ ਕਤਲ ਜਾਂ ਚੋਰੀ ਦੀ ਵਾਰਦਾਤ ਕਰਨ ਵਾਲੇ ਦੀ ਪਛਾਣ ਕੇਵਲ ਉਂਗਲੀਆਂ ਦੇ ਨਿਸ਼ਾਨਾਂ ਤੋਂ ਨਹੀਂ ਕੀਤੀ ਜਾਂਦੀ, ਬਲਕਿ ਅੱਖਾਂ ਦੀਆਂ ਪੁਤਲੀਆਂ ਤੋਂ ਵੀ ਕੀਤੀ ਜਾਂਦੀ ਹੈ। ਕੋਈ ਅਪਰਾਧੀ ਭਾਵੇਂ ਪਲਾਸਟਿਕ ਸਰਜਰੀ ਕਰਵਾ ਕੇ ਚਿਹਰਾ ਬਦਲ ਲਵੇ ਤਾਂ ਵੀ ਫੜਿਆ ਜਾ ਸਕਦਾ ਹੈ। ਕਿਸੇ ਨੂੰ ਮਾਰ ਕੇ ਦੱਬ ਦੇਣ ਜਾਂ ਸਾੜ ਦੇਣ ਤੋਂ ਬਾਅਦ ਵੀ ਲਾਸ਼ ਅਣ ਪਛਾਣੀ ਨਹੀਂ ਰਹਿ ਸਕਦੀ, ਹੁਣ ਡੀ. ਐੱਨ. ਏ ਟੈਸਟ ਨਾਲ ਸਬ ਕੁਝ ਪਤਾ ਲੱਗ ਜਾਂਦਾ ਹੈ। ਇਹ ਵੀ ਦੱਸਿਆ ਜਾ ਸਕਦਾ ਹੈ ਕਿ ਮ੍ਰਿਤਕ ਨੂੰ ਮਰੇ ਹੋਏ ਕਿੰਨਾ ਸਮਾਂ ਹੋ ਚੁੱਕਿਆ ਹੈ ਅਤੇ ਮੌਤ ਦਾ ਕਾਰਨ ਕੀ ਸੀ। ਬਲਾਤਕਾਰੀ ਅਤੇ ਬਲਾਤਕਾਰ ਪੀੜਤਾਂ ਦੇ ਡੀ. ਐੱਨ. ਏ ਟੈਸਟ ਨਾਲ ਬਿਲਕੁਲ ਸਹੀ ਪਤਾ ਲੱਗ ਸਕਦਾ ਹੈ ਕਿ ਦੋਸ਼ੀ ਵਿਅਕਤੀ ਬਲਾਤਕਾਰੀ ਹੈ ਜਾਂ ਨਹੀਂ, ਪਰ ਫੇਰ ਵੀ ਹਰ ਪ੍ਰਕਾਰ ਦੇ ਕਰਾਈਮ ਵਧ ਰਹੇ ਹਨ, ਇੱਥੋਂ ਤੱਕ ਕਿ ਪੁਲਸ ਥਾਣੇ ਜਾਂ ਮਾਲ ਘਰ ਵਿਚ ਚੋਰੀ ਹੋ ਜਾਂਦੇ ਹਨ, ਪਰ ਚੋਰ ਫੜੇ ਨਹੀਂ ਜਾਂਦੇ। ਬਲਾਤਕਾਰੀ ਵਧ ਰਹੇ ਹਨ ਅਤੇ ਉਹ ਸ਼ਰੇਆਮ ਘੁੰਮ ਰਹੇ ਹਨ, ਬਲਾਤਕਾਰੀ ਸਨਮਾਨਤ ਹੋ ਰਹੇ ਹਨ। ਔਰਤਾਂ, ਬੱਚੇ ਅਗਵਾ ਹੋ ਰਹੇ ਹਨ, ਪਰ ਅਗਵਾਕਾਰ ਫੜੇ ਨਹੀਂ ਜਾਂਦੇ। ਚਾਰ ਵਿਅਕਤੀਆਂ ਦੇ ਸਾਹਮਣੇ ਰਿਸ਼ਵਤਖੋਰ ਰਿਸਵਤ ਲੈਂਦਾ ਫੜਿਆ ਜਾਂਦਾ ਹੈ, ਗਵਾਹ ਵੀ ਹੁੰਦੇ ਹਨ, ਪਰ ਉਹ ਬਚ ਜਾਂਦਾ ਹੈ। ਕੀ ਕ੍ਰਾਈਮ ਵਿਗਿਆਨੀ ਦੱਸ ਸਕਦੇ ਹਨ ਕਿ ਇਸ ਸਭ ਕੁਝ ਦਾ ਕੀ ਕਾਰਨ ਹੈ? ਜੀ ਨਹੀਂ, ਕਿਉਂਕਿ ਇਹ ਕ੍ਰਾਈਮ ਵਿਗਿਆਨ ਦਾ ਵਿਸ਼ਾ ਨਹੀਂ।

ਜੇਕਰ ਉਪਰੋਕਤ ਸਾਰੇ ਪ੍ਰਸ਼ਨਾਂ ਦੇ ਉੱਤਰ ਵਿਗਿਆਨ ਦਾ ਵਿਸ਼ਾ ਨਹੀਂ ਤਾਂ ਇਹਨਾਂ ਪ੍ਰਸ਼ਨਾਂ ਦੇ ਉੱਤਰ ਕਿਸ ਕੋਲ ਹਨ? ਇਹਨਾਂ ਪ੍ਰਸ਼ਨਾਂ ਦੇ ਉੱਤਰ ਕੇਵਲ ਫਲਸਫੇ ਕੋਲ ਹਨ, ਪਰ ਹਰ ਪ੍ਰਕਾਰ ਦੇ ਫਲਸਫੇ ਕੋਲ ਨਹੀਂ ਹਨ। ਇੱਕ ਅਧਿਆਤਮਵਾਦੀ ਫਲਸਫਾ ਹੈ, ਜਿਹੜਾ ਸਾਡੀ ਦੁਰਦਸ਼ਾ ਅਤੇ ਹੋਰ ਸਾਰੀਆਂ ਅਲਾਮਤਾਂ ਦਾ ਕਾਰਨ ਪਿਛਲੇ ਜਨਮਾਂ ਦੇ ਕਰਮ ਦੱਸਦਾ ਹੈ। ਉਹ ਅਗਲਾ ਜਨਮ ਸੁਧਾਰਨ ਲਈ ਚੰਗੇ ਕਰਮ ਕਰਨ, ਸੱਚੇ ਮਾਰਗ 'ਤੇ ਚੱਲਣ, ਦਾਨ, ਪੂਜਾ, ਪਾ

19-AUG-PAGE-5.qxd 8/18/2023 9:49 PM Page 1

ਆਂਗਣਵਾੜੀ ਯੂਨੀਅਨ ਨੇ ਫੂਕਿਆ ਸਰਕਾਰ ਦਾ ਪੁਤਲਾ

ਆਂਗਣਵਾੜੀ ਵਰਕਰ ਸਰਕਾਰ ਦਾ ਪੁਤਲਾ ਫੂਕਦੇ ਹੋਏ।

ਮੋਗਾ (ਅਮਰਜੀਤ ਬੱਬਰੀ)-ਆਲ ਇੰਡੀਆ ਆਂਗਣਵਾੜੀ ਵਰਕਰ/ਹੈਲਪਰ ਯੂਨੀਅਨ ਏਟਕ ਵੱਲੋਂ ਸੂਬਾ ਕਮੇਟੀ ਦੇ ਲਏ ਗਏ ਫੈਸਲੇ ਅਨੁਸਾਰ ਪਿੰਡ ਤਲਵੰਡੀ ਭੰਗੇਰੀਆਂ ਵਿਖੇ ਗੁਰਚਰਨ ਕੌਰ ਸੂਬਾ ਵਿੱਤ ਸਕੱਤਰ ਦੀ ਅਗਵਾਈ ਹੇਠ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਵਰਕਰਾਂ ਨੇ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ।

ਇਸ ਮੌਕੇ ਬੋਲਦਿਆਂ ਸੂਬਾ ਵਿੱਤ ਸਕੱਤਰ ਗੁਰਚਰਨ ਕੌਰ ਨੇ ਕਿਹਾ ਕਿ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਪਈ ਹੈ। ਆਮ ਆਦਮੀ ਸਰਕਾਰ ਸੱਤਾ 'ਤੇ ਕਾਬਜ਼ ਹੁੰਦਿਆਂ ਹੀ ਵਰਕਰਾਂ/ਹੈਲਪਰਾਂ ਨਾਲ ਕੀਤੇ ਵਾਅਦੇ ਭੁੱਲ ਗਈ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਨੇ ਵੋਟਾਂ ਤੋਂ ਪਹਿਲਾਂ ਇਹ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ ਆਉਣ 'ਤੇ ਮਾਣ ਭੱਤਾ ਦੁੱਗਣਾ ਕੀਤਾ ਜਾਵੇਗਾ, ਪਰ ਇਸ ਦੇ ਉਲਟ ਸੈਂਟਰ ਸਰਕਾਰ ਤੋਂ ਆਉਣ ਵਾਲਾ ਮਾਣ ਭੱਤਾ ਮਾਰਚ ਤੋਂ ਲੈ ਕੇ ਅੱਜ ਤੱਕ ਨਹੀਂ ਦਿੱਤਾ ਗਿਆ। ਆਗੂਆਂ ਦੱਸਿਆ ਕਿ ਮੰਗਾਂ ਮਨਵਾਉਣ ਲਈ 10 ਅਗਸਤ ਤੋਂ ਲਗਾਤਾਰ ਸਰਕਾਰ ਦੇ ਪੁਤਲੇ ਫੂਕੇ ਜਾ ਰਹੇ ਹਨ, ਪਰ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕ ਰਹੀ। ਆਗੂਆਂ ਨੇ ਮੰਗ ਕੀਤੀ ਕਿ ਸਰਕਾਰ ਆਂਗਨਵਾੜੀ ਵਰਕਰਾਂ ਦਾ ਮਾਣ ਭੱਤਾ ਦੁੱਗਣਾ ਕਰਨ ਦੀ ਮੰਗ ਪੂਰੀ ਕਰੇ, ਮਾਣ ਭੱਤਾ ਹਰ ਮਹੀਨੇ ਦੀ 7 ਤਰੀਕ ਨੂੰ ਦੇਣਾ ਯਕੀਨੀ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਨਵੀਂ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਲਾਰੇ ਲੱਪੇ ਵਾਲੀ ਸਰਕਾਰ ਸਾਬਿਤ ਹੋਈ, ਕਿਉਂਕਿ ਉਸ ਨੇ ਅਜੇ ਤੱਕ ਛੇ ਤੋਂ ਅੱਠ ਸਾਲ ਦੇ ਬੱਚੇ ਵਾਪਸ ਨਹੀਂ ਭੇਜੇ ਅਤੇ ਨਾ ਹੀ ਆਂਗਣਵਾੜੀ ਵਰਕਰਾਂ ਨੂੰ ਪ੍ਰੀ-ਪ੍ਰਾਇਮ ਟੀਚਰ ਦਾ ਦਰਜਾ ਦਿੱਤਾ ਹੈ। ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਸਰਕਾਰ ਕੇ ਉਕਤ ਮੰਗਾਂ ਵੱਲ ਜਲਦ ਗੌਰ ਨਾ ਕੀਤਾ ਤਾਂ ਆਲ ਇੰਡੀਆ ਆਂਗਣਵਾੜੀ ਵਰਕਰ/ਹੈਲਪਰ ਯੂਨੀਅਨ ਏਟਕ ਵੱਲੋਂ ਵੱਡਾ ਸੰਘਰਸ਼ ਉਲੀਕਿਆ ਜਾਵੇਗਾ, ਜਿਸ ਲਈ ਸਰਕਾਰ ਜ਼ਿੰਮੇਵਾਰ ਹੋਵੇਗੀ। ਇਸ ਮੌਕੇ ਵੱਡੀ ਗਿਣਤੀ ਵਿੱਚ ਆਂਗਣਵਾੜੀ ਵਰਕਰ/ਹੈਲਪਰ ਤੋਂ ਇਲਾਵਾ ਸਰਬਜੀਤ ਕੌਰ, ਪਰਮਜੀਤ ਕੌਰ, ਬਲਵੰਤ ਕੌਰ, ਮਨਜੀਤ ਕੌਰ, ਮਨਪ੍ਰੀਤ ਕੌਰ, ਸੁਖਵਿੰਦਰ ਕੌਰ, ਪ੍ਰਮਿੰਦਰ ਕੌਰ, ਪਰਵਿੰਦਰ ਕੌਰ, ਕਿਰਨਜੀਤ ਕੌਰ, ਊਸ਼ਾ ਰਾਣੀ, ਬਲਜੀਤ ਕੌਰ, ਕਰਮਜੀਤ ਕੌਰ, ਗੁਰਸ਼ਰਨ ਕੌਰ, ਕੁਲਵੰਤ ਕੌਰ, ਰਜਵੰਤ ਕੌਰ, ਹੈਪਲਰ ਰਣਜੀਤ ਕੌਰ, ਬਲਜਿੰਦਰ ਕੌਰ, ਰਾਣੀ, ਦਵਿੰਦਰ ਕੌਰ ਵਰਕਰ ਅਤੇ ਦਲਜੀਤ ਕੌਰ ਆਦਿ ਹਾਜ਼ਰ ਸਨ।

ਮਨਰੇਗਾ ਮਜ਼ਦੂਰਾਂ ਵੱਲੋਂ ਬੀ ਡੀ ਪੀ ਓ ਦਫਤਰ ਮੂਹਰੇ ਰੋਸ ਪ੍ਰਦਰਸ਼ਨ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਲੋਹਗੜ੍ਹ ਦੇ ਮਜ਼ਦੂਰਾਂ ਨੂੰ ਕੰਮ ਦੀ ਮੰਗ ਨੂੰ ਲੈ ਕੇ ਬੀ ਡੀ ਪੀ ਓ ਦਫਤਰ ਮਹਿਲ ਕਲਾਂ ਮੂਹਰੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਖੁਸ਼ੀਆ ਸਿੰਘ, ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਆਗੂ ਜਗਰਾਜ ਸਿੰਘ ਰਾਮਾ ਨੇ ਕਿਹਾ ਕਿ ਪਿੰਡ ਦੀ ਪੰਚਾਇਤ ਵੱਲੋਂ ਮਨਰੇਗਾ ਮਜ਼ਦੂਰਾਂ ਨੂੰ ਕੰਮ ਦੇਣ ਲਈ ਮਤੇ ਪਾ ਕੇ ਬੀ ਡੀ ਪੀ ਓ ਮਹਿਲ ਕਲਾਂ ਨੂੰ ਭੇਜੇ ਜਾ ਚੁੱਕੇ ਹਨ, ਸਬੰਧਤ ਅਧਿਕਾਰੀ ਦੀ ਲਾਪ੍ਰਵਾਹੀ ਕਰਕੇ ਅੱਜ ਤੱਕ ਕੰਮ ਸ਼ੁਰੂ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਹਰ ਪਾਸੇ ਮਸ਼ੀਨੀਕਰਨ ਹੋ ਜਾਣ ਕਰਕੇ ਮਜ਼ਦੂਰਾਂ ਨੂੰ ਨਹੀਂ ਮਿਲ ਰਿਹਾ। ਖੱਬੀਆਂ ਪਾਰਟੀਆਂ ਵੱਲੋਂ ਭਾਰੀ ਜੱਦੋ ਜਹਿਦ ਤੋਂ ਬਾਅਦ ਕੇਂਦਰ ਸਰਕਾਰ ਨੇ 2005 'ਚ ਮਨਰੇਗਾ ਕਾਨੂੰਨ ਰਾਹੀਂ ਸੌ ਦਿਨ ਰੁਜ਼ਗਾਰ ਦੀ ਸਹੂਲਤ ਮਜ਼ਦੂਰਾਂ ਨੂੰ ਮਿਲੀ ਸੀ, ਪਰ ਸੂਬਾਈ ਸਰਕਾਰਾਂ ਤੇ ਅਧਿਕਾਰੀਆਂ ਦੀ ਬਦਨੀਤੀ ਕਰਕੇ ਮਨਰੇਗਾ ਨੂੰ ਪਿੰਡ ਪੱਧਰ ਤੱਕ ਲਾਗੂ ਨਹੀਂ ਕੀਤਾ ਗਿਆ, ਜਿਸ ਕਰਕੇ ਬੇਰੁਜ਼ਗਾਰੀ ਦੀ ਮਾਰ ਹੇਠ ਆਏ ਮਜ਼ਦੂਰ ਵਰਗ ਨੂੰ ਭਾਰੀ ਆਰਥਿਕ ਨੁਕਸਾਨ ਝੱਲਣਾ ਪਿਆ ਹੈ। ਆਗੂਆਂ ਨੇ ਚਿਤਾਵਨੀ ਸੁਰ 'ਚ ਕਿਹਾ ਕਿ ਜੇਕਰ ਪਿੰਡ ਲੋਹਗੜ੍ਹ ਦੇ ਮਨਰੇਗਾ ਮਜ਼ਦੂਰਾਂ ਨੂੰ 21 ਅਗਸਤ ਤੱਕ ਕੰਮ ਨਾ ਦਿੱਤਾ ਗਿਆ, ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਸਬੰਧਤ ਅਧਿਕਾਰੀਆਂ ਸਿਰ ਹੋਵੇਗੀ। ਇਸ ਮੌਕੇ ਕਾਮਰੇਡ ਕ੍ਰਿਪਾਲ ਸਿੰਘ ਲੋਹਗੜ੍ਹ, ਮੇਟ ਰਾਜਵਿੰਦਰ ਕੌਰ, ਨਛੱਤਰ ਕੌਰ ਸਿੰਘ, ਬਲਜੀਤ ਸਿੰਘ, ਬਲਵੀਰ ਸਿੰਘ, ਬੰਤ ਸਿੰਘ, ਇਕਬਾਲ ਸਿੰਘ ਭੋਲਾ, ਅੰਗਰੇਜ ਕੌਰ, ਸਤਪਾਲ ਕੌਰ, ਈਸਰ ਸਿੰਘ, ਰਾਮ ਸਿੰਘ ਆਦਿ ਹਾਜ਼ਰ ਸਨ।

ਭਾਕਿਯੂ (ਏਕਤਾ) ਡਕੌਂਦਾ ਵੱਲੋਂ ਥਾਣਾ ਬਰੇਟਾ ਦਾ ਘਿਰਾਓ

ਕਿਸਾਨਾਂ 'ਤੇ ਹੋਏ ਪਰਚੇ ਰੱਦ ਕਰਵਾਉਣ ਤੇ ਖੇਤੀ ਮੋਟਰਾਂ 'ਤੇ ਕਬਜ਼ਾ ਬਹਾਲ ਕਰਵਾਉਣ ਦੀ ਮੰਗ

ਮਾਨਸਾ/ਬਰੇਟਾ (ਪਮਾਰ/ ਰੀਤਵਾਲ) ਪਿੰਡ ਕੁਲਰੀਆਂ ਦੇ ਕਿਸਾਨ ਆਗੂਆਂ ਸਮੇਤ ਕਰੀਬ 30 ਕਿਸਾਨਾਂ 'ਤੇ ਹੋਏ ਪਰਚੇ ਰੱਦ ਕਰਵਾਉਣ ਤੇ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕੀ ਹੱਕ ਦਿਵਾਉਣ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਵੱਲੋਂ ਬਰੇਟਾ ਥਾਣਾ ਅੱਗੇ ਰੋਹ ਭਰਪੂਰ ਧਰਨਾ ਦਿੱਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਪੰਚਾਇਤ ਵਿਭਾਗ ਪਿਛਲੇ ਲੰਮੇ ਸਮੇਂ ਤੋਂ ਕਾਸ਼ਤ ਕਰਦੇ ਆ ਰਹੇ ਕਿਸਾਨਾਂ ਦਾ ਜ਼ਮੀਨ ਤੋਂ ਉਜਾੜਾ ਕਰ ਰਿਹਾ ਹੈ ਭਾਵੇਂ ਮੁਰੱਬਾਬੰਦੀ ਵਿਭਾਗ ਵੱਲੋਂ ਪਿੰਡ ਦੀ ਬੱਚਤ ਜ਼ਮੀਨ ਵਿੱਚੋਂ 71 ਏਕੜ ਜ਼ਮੀਨ ਮਾਲਕ ਕਿਸਾਨਾਂ ਦੇ ਟੱਕਾਂ ਵਿੱਚ ਵੰਡ ਕੇ ਸੰਭਾਲੀ ਗਈ ਸੀ ਅਤੇ ਮਾਲ ਵਿਭਾਗ ਵਿੱਚ ਗਿਰਦਾਵਰੀ ਵੀ ਕਿਸਾਨਾਂ ਦੇ ਨਾਂ ਉੱਤੇ ਹੈ, ਪ੍ਰੰਤੂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡ ਦੇ ਭੂੰ ਮਾਫੀਆ ਤੇ ਸਾਬਕਾ ਸਰਪੰਚ ਦਾ ਧੱਕੇ ਨਾਲ ਕਬਜ਼ਾ ਕਰਵਾਇਆ ਜਾ ਰਿਹਾ ਹੈ, ਜਿਸ ਨੂੰ ਕਦਾਚਿੱਤ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪਿਛਲੇ ਦਿਨੀਂ ਕਿਸਾਨਾਂ ਦੇ ਜ਼ਮੀਨ ਵਿੱਚ ਕਾਸ਼ਤ ਕਰਨ ਤੇ ਮੋਟਰਾਂ ਦਾ ਪਾਣੀ ਲਾਉਣ ਨੂੰ ਲੈ ਕੇ ਜਥੇਬੰਦੀ ਦੇ ਮੁੱਖ ਆਗੂਆਂ ਤੇ ਪਿੰਡ ਦੇ ਕਰੀਬ 30 ਕਿਸਾਨਾਂ ਸਮੇਤ 150 ਅਣਪਛਾਤਿਆਂ 'ਤੇ ਕਥਿਤ ਕਬਜ਼ਾ ਕਰਨ ਅਤੇ ਚੋਰੀ ਵਰਗੇ ਸੰਗੀਨ ਅਪਰਾਧਾਂ ਦੇ ਝੂਠੇ ਕੇਸ ਦਰਜ ਕੀਤੇ ਗਏ। ਸੂਬਾ ਆਗੂ ਗੁਰਦੀਪ ਸਿੰਘ ਰਾਮਪੁਰਾ ਨੇ ਐਲਾਨ ਕਰਦੇ ਹੋਏ ਕਿਹਾ ਕਿ ਆਉਂਦੀ 28 ਅਗਸਤ ਨੂੰ ਇਸ ਜਬਰ ਖਿਲਾਫ ਐੱਸ ਐੱਸ ਪੀ ਮਾਨਸਾ ਦੇ ਦਫਤਰ ਮੂਹਰੇ ਧਰਨਾ ਦਿੱਤਾ ਜਾਵੇਗਾ। ਇਸ ਸਮੇਂ ਸੂਬਾ ਆਗੂ ਕੁਲਵੰਤ ਸਿੰਘ ਕਿਸ਼ਨਗੜ੍ਹ, ਮੱਖਣ ਸਿੰਘ ਭੈਣੀ ਬਾਘਾ ਸਮੇਤ ਜ਼ਿਲ੍ਹਾ ਕਮੇਟੀ ਦੇ ਲਖਵੀਰ ਸਿੰਘ ਅਕਲੀਆ, ਬਲਵਿੰਦਰ ਸ਼ਰਮਾ, ਦੇਵੀ ਰਾਮ, ਸੱਤਪਾਲ ਸਿੰਘ ਵਰੇ, ਬਲਕਾਰ ਸਿੰਘ ਚਹਿਲਾਂਵਾਲੀ, ਤਾਰਾ ਚੰਦ ਬਰੇਟਾ, ਜਗਦੇਵ ਸਿੰਘ ਕੋਟਲੀ, ਬਲਜੀਤ ਸਿੰਘ ਭੈਣੀ ਬਾਘਾ, ਸੁਰਜੀਤ ਕੌਰ ਕਿਸ਼ਨਗੜ੍ਹ, ਗੁਰਚਰਨ ਸਿੰਘ ਉੱਲਕ, ਹਰਬੰਸ ਸਿੰਘ ਟਾਂਡੀਆਂ, ਜਸਕਰਨ ਸਿੰਘ ਬਰੇਟਾ ਤੇ ਮਹਿੰਦਰ ਸਿੰਘ ਕੁਲਰੀਆਂ ਆਦਿ ਨੇ ਵੀ ਸੰਬੋਧਨ ਕੀਤਾ।

ਕਾਤਰਾਂ

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਬਲਾਕ ਘੱਲ ਖੁਰਦ ਦੀ ਚੋਣ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਕ੍ਰਾਂਤੀਕਾਰੀ ਕਿਸਾਨ ਯੂਨੀਅਨ ਬਲਾਕ ਘੱਲ ਖੁਰਦ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਇਹ ਚੋਣ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਗੁਰਮੀਤ ਸਿੰਘ ਪੋਜੋ ਕੇ ਜ਼ਿਲ੍ਹਾ ਕਮੇਟੀ ਦੀ ਪ੍ਰਧਾਨਗੀ ਵਿੱਚ ਹੋਈ, ਜਿਸ 'ਚ ਗੁਰਜੱਜ ਸਿੰਘ ਬਲਾਕ ਪ੍ਰਧਾਨ, ਜਸਬੀਰ ਸਿੰਘ ਖਜ਼ਾਨਚੀ, ਸੁਖਦੇਵ ਸਿੰਘ ਮੱਲਵਾਲ ਮੀਤ ਪ੍ਰਧਾਨ, ਰਣਜੀਤ ਸਿੰਘ ਯਾਰੇਸ਼ਾਹ ਸੀਨੀਅਰ ਮੀਤ ਪ੍ਰਧਾਨ, ਕੁਲਦੀਪ ਸਿੰਘ ਰੁਕਨਸ਼ਾਹ ਜਥੇਬੰਧਕ ਸਕੱਤਰ, ਗੁਰਚਰਨ ਸਿੰਘ ਵਸਤੀ ਅਜੀਜ ਵਾਲੀ ਜਨਰਲ ਸਕੱਤਰ, ਹਰਜਿੰਦਰ ਸਿੰਘ ਰੁਕਨਸ਼ਾਹ ਪ੍ਰਚਾਰ ਸਕੱਤਰ, ਬਾਜ ਸਿੰਘ ਬਾਜੀਦਪੁਰ ਪ੍ਰਚਾਰ ਸਕੱਤਰ, ਚੰਨਣ ਸਿੰਘ ਕਮੱਗਰ ਪ੍ਰੈੱਸ ਸਕੱਤਰ, ਹਰਪ੍ਰੀਤ ਸਿੰਘ ਵਸਤੀ ਇੰਦਰ ਸਿੰਘ ਜਥੇਬੰਧਕ ਸਕੱਤਰ ਤੇ ਲਖਵਿੰਦਰ ਸਿੰਘ ਨੂਰਪੁਰ ਸਕੱਤਰ ਚੁਣੇ ਗਏ। ਇਸ ਮੌਕੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਜ਼ਿਲ੍ਹਾ ਫਿਰੋਜ਼ਪੁਰ ਦੇ ਮੈਂਬਰ ਹਾਜ਼ਰ ਸਨ।

ਮਾਡਰਨ ਕਾਲਜ ਬੀਰ ਕਲਾਂ ਦਾ ਬੀ ਐੱਡ ਦਾ ਨਤੀਜਾ ਸ਼ਾਨਦਾਰ

ਚੀਮਾਂ ਮੰਡੀ (ਰਵਿੰਦਰ ਚੀਮਾ)-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਗਏ ਬੀ. ਐੱਡ. ਸਮੈਸਟਰ ਪਹਿਲਾ ਦੇ ਨਤੀਜਿਆਂ ਵਿੱਚ ਮਾਡਰਨ ਕਾਲਜ ਆਫ ਐਜੂਕੇਸ਼ਨ, ਬੀਰ ਕਲਾਂ ਦਾ ਰਿਜਲਟ ਬਹੁਤ ਸ਼ਾਨਦਾਰ ਰਿਹਾ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਕਾਲਜ ਦੇ ਪ੍ਰਿੰਸੀਪਲ ਡਾ. ਵੀ. ਕੇ. ਰਾਏ ਨੇ ਦੱਸਿਆ ਕਿ ਪਹਿਲੀਆਂ 10 ਪੋਜ਼ੀਸ਼ਨਾਂ ਵਿੱਚ ਵਿਦਿਆਰਥਣ ਪਰਮਿੰਦਰ ਕੌਰ ਨੇ ਕੁੱਲ 500 'ਚੋਂ 388 ਅੰਕ ਪ੍ਰਾਪਤ ਕਰਕੇ ਪਹਿਲਾ, ਗੁਰਵਿੰਦਰ ਕੌਰ ਨੇ 377 ਅੰਕ ਲੈ ਕੇ ਦੂਜਾ, ਲਖਵਿੰਦਰ ਕੌਰ ਨੇ 375 ਅੰਕ ਲੈ ਕੇ ਤੀਜਾ, ਬੀਰਪਾਲ ਕੌਰ ਨੇ 366 ਅੰਕ ਲੈ ਕੇ ਚੌਥਾ, ਵੀਰਪਾਲ ਕੌਰ 360 ਅੰਕ ਲੈ ਕੇ ਪੰਜਵਾਂ, ਸਿਮਰਜੀਤ ਕੌਰ ਤੇ ਮਨਿੰਦਰਪਾਲ ਕੌਰ 358 ਅੰਕ ਲੈ ਕੇ ਛੇਵਾਂ, ਗੁਰਪ੍ਰੀਤ ਕੌਰ ਨੇ 354 ਅੰਕ ਲੈ ਕੇ ਸਤਵਾਂ, ਹਰਪ੍ਰੀਤ ਕੌਰ ਤੇ ਵਰਿੰਦਰ ਕੌਰ ਨੇ 345 ਅੰਕ ਲੈ ਕੇ 8ਵਾਂ ਸਥਾਨ ਹਾਸਲ ਕੀਤਾ। ਇਸ ਮੌਕੇ ਕਾਲਜ ਦੇ ਚੇਅਰਮੈਨ ਰਵਿੰਦਰ ਬਾਂਸਲ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਕਾਮਨਾ ਕੀਤੀ।

ਐਕਯੂਪ੍ਰੈਸ਼ਰ, ਮੈਗਨੈਟ ਵਾਈਬਰੇਸ਼ਨ ਥਰੈਪੀ ਕੈਂਪ 21 ਤੋਂ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਜ਼ਿਲ੍ਹਾ ਫਿਰੋਜ਼ਪੁਰ ਐੱਨ ਜੀ ਓਜ਼ ਕੋਆਰਡੀਨੇਸ਼ਨ ਬਰਾਂਚ ਤਲਵੰਡੀ ਭਾਈ ਵੱਲੋਂ 21 ਅਗਸਤ ਤੋਂ 25 ਅਗਸਤ ਤੱਕ 5 ਦਿਨਾਂ ਕੈਂਪ ਨਾਨਕ ਸਭਾ ਗੁਰਦੁਆਰਾ ਨੇੜੇ ਸਬ ਤਹਿਸੀਲ ਗਊਮਾਤਾ ਸਮਾਧੀ ਮੰਦਿਰ ਵਿਖੇ ਲਗਾਇਆ ਜਾ ਰਿਹਾ ਹੈ। ਇਸ ਕੈਂਪ ਦੀ ਜਾਣਕਾਰੀ ਡਾ. ਬੀਐੱਲ ਪਸਰੀਚਾ ਚੇਅਰਮੈਨ ਨੇ ਜ਼ਿਲ੍ਹਾ ਫਿਰੋਜ਼ਪੁਰ ਕੋਆਰਡੀਨੇਸ਼ਨ ਕਮੇਟੀ ਦੀ ਮੀਟਿੰਗ ਵਿੱਚ ਦਿੱਤੀ। ਇਸ ਮੀਟਿੰਗ ਵਿੱਚ ਵਿਕਰਮ ਦੱਤ ਗੁਪਤਾ ਪੈਟਰਨ, ਸੁਰਿੰਦਰ ਨਰੂਲਾ ਪ੍ਰਧਾਨ, ਜੀ ਐੱਸ ਅਨਮੋਲ ਸੈਕਟਰੀ, ਪਵਨ ਕੁਮਾਰ ਗੋਇਲ ਕੈਸ਼ੀਅਰ, ਰਜਿੰਦਰ ਪਾਲ ਸਿੰਘ ਮੁੱਖ ਸੇਵਾਦਾਰ, ਅਸ਼ੋਕ ਸਚਦੇਵਾ, ਦਵਿੰਦਰ ਬੇਰੀ ਆਦਿ ਹਾਜ਼ਰ ਸਨ। ਇਸ ਕੈਂਪ ਵਿੱਚ ਗੋਡਿਆਂ ਦਾ ਦਰਦ, ਜੋੜਾਂ ਦਾ ਦਰਦ, ਗਰਦਨ ਦਾ ਦਰਦ, ਸਰਵਾਈਕਲ, ਸਿਰ ਦਰਦ, ਕਮਰ ਦਰਦ, ਧਰਨ ਦਾ ਇਲਾਜ, ਕਬਜ਼, ਹੱਥਾਂ ਪੈਰਾ ਦਾ ਸੁੰਨ ਹੋਣਾ, ਗੈਸ, ਸਿਆਟਿਕਾ, ਮੋਟਾਪਾ ਆਦਿ ਦੇ ਰੋਗਾਂ ਦਾ ਇਲਾਜ ਹਨੂੰਮਾਨਗੜ੍ਹ ਰਾਜਸਥਾਨ ਦੀ ਟੀਮ ਵੱਲੋਂ ਕੀਤਾ ਜਾਵੇਗਾ।

ਰੰਦੇ ਪਾਣੀ ਦੀ ਸਮੱਸਿਆ ਨੂੰ ਲੈ ਕੇ ਔਢਾਂ ਵਾਸੀਆਂ ਵੱਲੋਂ ਰੋਸ ਪ੍ਰਦਰਸ਼ਨ

ਰੰਦੇ ਪਾਣੀ ਨਾਲ ਭਰੇ ਨੈਸ਼ਨਲ ਹਾਈਵੇਅ ਦਾ ਦ੍ਰਿਸ਼।

ਕਾਲਾਂਵਾਲੀ (ਸੁਰਿੰਦਰ ਪਾਲ ਸਿੰਘ)

ਕਾਲਾਂਵਾਲੀ ਖੇਤਰ ਦੇ ਕਸਬਾ ਔਢਾਂ ਦੇ ਨੈਸ਼ਨਲ ਹਾਈਵੇਅ 'ਤੇ ਸਥਿਤ ਸਰਵਿਸ ਲਾਈਨ 'ਤੇ ਹਮੇਸ਼ਾ ਰੰਦੇ ਪਾਣੀ ਦੀ ਸਮੱਸਿਆ ਨੂੰ ਲੈ ਕੇ ਪਿੰਡ ਵਾਸੀ ਕਈ ਵਾਰ ਰੋਸ ਪ੍ਰਦਰਸ਼ਨ ਕਰ ਚੁੱਕੇ ਹਨ, ਪਰ ਅਧਿਕਾਰੀਆਂ 'ਤੇ ਕੋਈ ਅਸਰ ਨਹੀਂ ਹੋਇਆ। ਹੁਣ ਪਿੰਡ ਵਾਸੀਆਂ ਨੇ ਫੈਸਲਾ ਕੀਤਾ ਹੈ ਕਿ ਜੇਕਰ ਇੱਕ ਹਫ਼ਤੇ ਤੱਕ ਰੰਦੇ ਪਾਣੀ ਦੀ ਨਿਕਾਸੀ ਦਾ ਹੱਲ ਨਾ ਕੀਤਾ ਗਿਆ ਤਾਂ 23 ਅਗਸਤ ਨੂੰ ਖੂਈਆਂ ਮਲਕਾਣਾ ਟੋਲ ਪਲਾਜ਼ਾ 'ਤੇ ਜਾਮ ਲਾ ਕੇ ਧਰਨਾ ਦਿੱਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਨੈਸ਼ਨਲ ਹਾਈਵੇ ਅਥਾਰਟੀ ਦੀ ਹੋਵੇਗੀ।ਜ਼ਿਕਰਯੋਗ ਹੈ ਕਿ ਬਰਸਾਤ ਦੇ ਮੌਸਮ ਦੌਰਾਨ ਔਢਾਂ ਬੱਸ ਸਟੈਂਡ ਦੇ ਸਾਹਮਣੇ ਨੈਸ਼ਨਲ ਹਾਈਵੇ ਛੱਪੜ ਵਿੱਚ ਤਬਦੀਲ ਹੋ ਜਾਂਦਾ ਹੈ ਅਤੇ ਵਾਹਨ ਪਾਣੀ ਵਿੱਚ ਫਸ ਜਾਂਦੇ ਹਨ।ਇਸ ਤੋਂ ਇਲਾਵਾ ਬਾਬਾ ਰਾਮਦੇਵ ਮੰਦਰ ਬਾਜ਼ਾਰ, ਪੈਟਰੋਲ ਪੰਪ, ਥਾਣਾ ਸਦਰ, ਪਟਵਾਰ ਘਰ, ਧਰਮਕਾਂਟਾ, ਮਾਡਰਨ ਕੰਪਲੈਕਸ, ਗੁਰਦੁਆਰਾ ਮਾਰਕੀਟ, ਸਟੇਟ ਬੈਂਕ ਆਫ਼ ਇੰਡੀਆ ਸਮੇਤ ਕਈ ਥਾਵਾਂ 'ਤੇ ਵੀ ਪਾਣੀ ਖੜਾ ਰਹਿੰਦਾ ਹੈ, ਪਰ ਨੈਸ਼ਨਲ ਹਾਈਵੇ ਅਥਾਰਟੀ ਇਸ ਪਾਸੇ ਧਿਆਨ ਨਹੀਂ ਦੇ ਰਹੀ ਹੈ ਅਤੇ ਨਾ ਹੀ ਸਬੰਧਤ ਏਜੰਸੀ ਸੁਣਵਾਈ ਕਰਦੀ ਹੈ।ਪ੍ਰਾਈਵੇਟ ਬੱਸ ਆਪ੍ਰੇਟਰਾਂ ਨੇ ਫੈਸਲਾ ਕੀਤਾ ਹੈ ਕਿ ਜਦੋਂ ਤੱਕ ਰੰਦੇ ਪਾਣੀ ਦੀ ਨਿਕਾਸੀ ਦਾ ਪੱਕਾ ਹੱਲ ਨਹੀਂ ਹੁੰਦਾ, ਉਦੋਂ ਤੱਕ ਬੱਸਾਂ ਨਹੀਂ ਚੱਲਣਗ

page-6-19-(AUG)-2023-G-(BV).qxd 8/18/2023 9:52 PM Page 1

ਆਜ਼ਾਦੀ ਦਿਵਸ ਮੌਕੇ ਸਸਸ ਕੰਨਿਆਂ ਸਕੂਲ ਦੀਆਂ ਵਿਦਿਆਰਥਣਾਂ ਸਨਮਾਨਿਤ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਦੀ ਦਾਣਾ ਮੰਡੀ ਵਿਖੇ 77ਵਾਂ ਆਜ਼ਾਦੀ ਦਿਵਸ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਹਰਸਿਮਰਨ ਸਿੰਘ ਤਹਿਸੀਲਦਾਰ ਡੇਰਾ ਬਾਬਾ ਨਾਨਕ ਵੱਲੋਂ ਕੌਮੀ ਝੰਡਾ ਲਹਿਰਾਇਆ ਗਿਆ। ਇਸ ਮੌਕੇ ਸਮਾਗਮ ਦੌਰਾਨ ਵੱਖ-ਵੱਖ ਸਕੂਲਾਂ ਦੇ ਬੱਚਿਆਂ ਵੱਲੋਂ ਦੇਸ਼ ਭਗਤੀ ਦੇ ਗੀਤ, ਕੋਰੀਓਗ੍ਰਾਫੀ, ਗਿੱਧਾ, ਭੰਗੜਾ, ਡਾਂਡੀਆ ਡਾਂਸ ਆਦਿ ਪੇਸ਼ ਕੀਤਾ ਗਿਆ ਜਿਸ ਵਿੱਚ ਕੰਨਿਆਂ ਸਸਸ ਸਕੂਲ ਡੇਰਾ ਬਾਬਾ ਨਾਨਕ ਦੀਆਂ ਲੜਕੀਆਂ ਵੱਲੋਂ ਮਾਰਚ ਪਾਸਟ ਵਿੱਚ ਹਿੱਸਾ ਲਿਆ ਗਿਆ ਅਤੇ ਗਿੱਧੇ ਦੀ ਪੇਸ਼ਕਾਰੀ ਵੀ ਕੀਤੀ ਗਈ। ਇਸ ਸਕੂਲ ਦੀਆਂ ਵਿਦਿਆਰਥਣਾਂ ਅਤੇ ਸਕੂਲ ਦੇ ਪ੍ਰਿੰ. ਰੁਪਿੰਦਰਜੀਤ ਕੌਰ ਧਾਲੀਵਾਲ ਨੂੰ ਤਹਿਸੀਲਦਾਰ ਹਰਸਿਮਰਨ ਸਿੰਘ, ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਅਤੇ ਡੀਐੱਸਪੀ ਮਨਿੰਦਰਜੀਤ ਸਿੰਘ ਡੇਰਾ ਬਾਬਾ ਨਾਨਕ ਵੱਲੋਂ ਸਨਮਾਨ ਚਿੰਨ੍ਹ ਅਤੇ ਪ੍ਰਸ਼ੰਸਾ ਪੱਤਰ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਾਇਬ ਤਹਿਸੀਲਦਾਰ ਅਵਤਾਰ ਸਿੰਘ, ਗੀਡਰ ਸਰਬਜੀਤ ਸਿੰਘ, ਮਾਸਟਰ ਪਲਵਿੰਦਰ ਸਿੰਘ ਰੰਧਾਵਾ ਮੈਡਮ ਗੁਰਮੀਤ ਕੌਰ, ਸੁਖਜਿੰਦਰ ਕੌਰ ਬਾਜਵਾ, ਐਸਡੀਓ ਤਰਲੋਕ ਸਿੰਘ, ਐੱਸਐੱਚਓ ਬਿਕਰਮ ਸਿੰਘ, ਜੇਈ ਮਨਪ੍ਰੀਤ ਸਿੰਘ ਬਦੇਸਾ, ਰਘਬੀਰ ਸਿੰਘ, ਕਲਰਕ ਬਲਜਿੰਦਰ ਸਿੰਘ, ਟਹਿਲ ਸਿੰਘ, ਜਸਵਿੰਦਰ ਸਿੰਘ ਅਤੇ ਸਿਕੰਦਰ ਸਿੰਘ ਆਦਿ ਹਾਜ਼ਰ ਸਨ।

ਨੋਟਿਸ

ਦੀ ਰੂਪੇਵਾਲੀ ਕੋਆਪ੍ਰੇਟਿਵ ਐਗਰੀਕਲਚਰ ਮਲਟੀਪਰਪਸ ਸੁਸਾਇਟੀ ਲਿਮ: ਰੂਪੇਵਾਲੀ ਦੇ ਸਾਰੇ ਹਿੱਸੇਦਾਰਾਂ/ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਭਾ ਦੀ ਪ੍ਰਬੰਧਕ ਕਮੇਟੀ ਦੀ ਚੋਣ ਕਰਵਾਏ ਜਾਣ ਲਈ ਸਭਾ ਦੀ ਪ੍ਰਬੰਧਕ ਕਮੇਟੀ ਵੱਲੋਂ ਹਲਕਾ ਨਿਰੀਖਕ ਸਹਿਕਾਰੀ ਸਭਾਵਾਂ ਪਰਜੀਆਂ ਕਲਾਂ ਰਾਹੀਂ ਜ਼ੋਨ ਲਿਸਟਾਂ ਇਸ ਦਫਤਰ ਨੂੰ ਪ੍ਰਵਾਨਗੀ ਲਈ ਭੇਜੀਆਂ ਗਈਆਂ ਹਨ, ਜੋ ਕਿ ਸਭਾ ਦੇ ਦਫਤਰ ਅਤੇ ਨਿਮਨਹਸਤਾਖਰ ਦੇ ਦਫਤਰ ਵਿਖੇ ਕਿਸੇ ਵੀ ਕੰਮ ਵਾਲੇ ਦਿਨ ਦੇਖੀਆਂ ਜਾ ਸਕਦੀਆਂ ਹਨ। ਇਹਨਾਂ ਦੀ ਪ੍ਰਵਾਨਗੀ ਬਾਰੇ ਕਿਸੇ ਵੀ ਮੈਂਬਰ/ਹਿੱਸੇਦਾਰ ਨੂੰ ਜੇ ਕੋਈ ਇਤਰਾਜ਼ ਹੋਵੇ ਜਾਂ ਲਿਸਟ ਵਿੱਚ ਨਾਂਅ ਸ਼ਾਮਲ ਨਾ ਕੀਤਾ ਹੋਵੇ ਤਾਂ ਇਸ ਸੰਬੰਧੀ ਉਹ ਆਪਣਾ ਇਤਰਾਜ਼ ਮਿਤੀ 4.9.2023 ਤੱਕ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਸ਼ਾਹਕੋਟ ਦੇ ਦਫਤਰ ਵਿੱਚ ਦੇ ਕੇ ਲਿਖਤੀ ਰਸੀਦ ਪ੍ਰਾਪਤ ਕਰ ਸਕਦੇ ਹਨ। ਇਹਨਾਂ ਇਤਰਾਜ਼ਾਂ ਦੀ ਸੁਣਵਾਈ ਮਿਤੀ 5.9.2023 ਨੂੰ ਸਵੇਰੇ 11.00 ਵਜੇ ਨਿਮਨਹਸਤਾਖਰੀ ਦੇ ਦਫਤਰ ਵਿਖੇ ਕੀਤੀ ਜਾਵੇਗੀ। ਇਸ ਉਪਰੰਤ ਜ਼ੋਨਾਂ ਦੀ ਪ੍ਰਵਾਨਗੀ ਦੇ ਦਿੱਤੀ ਜਾਵੇਗੀ।

(ਰੋਹਿਤ ਕੁਮਾਰ ਰਤਨ)
ਪੀ ਸੀ ਐੱਸ 2, ਸਹਾਇਕ
ਰਜਿਸਟਰਾਰ, ਸਹਿਕਾਰੀ ਸਭਾਵਾਂ
ਸ਼ਾਹਕੋਟ (ਵਾਧੂ ਚਾਰਜ)

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀ ਬਲਕਾਰ ਸਿੰਘ, ਸਬ ਰਜਿਸਟਰਾਰ, ਬੁਢਲਾਡਾ, ਜ਼ਿਲ੍ਹਾ ਮਾਨਸਾ।

ਵਿਸ਼ਾ-ਖਾਨਗੀ ਵਸੀਅਤ ਮਨਦੀਪ ਸਿੰਘ ਪੁੱਤਰ ਗੁਰਤੇਜ ਸਿੰਘ ਪੁੱਤਰ ਚੰਦ ਸਿੰਘ ਵਾਸੀ ਮੰਢਾਲੀ, ਤਹਿ: ਬੁਢਲਾਡਾ, ਜ਼ਿਲ੍ਹਾ ਮਾਨਸਾ ਰਜਿਸਟਰਡ ਕਰਨ ਬਾਰੇ।

ਨੋਟਿਸ ਬਨਾਮ-ਆਮ ਜਨਤਾ

ਇਸ ਨੋਟਿਸ ਰਾਹੀਂ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਵਿੱਚ ਸ੍ਰੀ ਜਸਵੀਰ ਕੌਰ ਪਤਨੀ ਗੁਰਤੇਜ ਸਿੰਘ ਪੁੱਤਰ ਚੰਦ ਸਿੰਘ ਵਾਸੀ ਮੰਢਾਲੀ, ਤਹਿ: ਬੁਢਲਾਡਾ ਨੇ ਇੱਕ ਦਰਖਾਸਤ ਪੇਸ਼ ਕੀਤੀ ਹੈ ਕਿ ਉਸ ਦੇ ਪੁੱਤਰ ਮਨਦੀਪ ਸਿੰਘ ਪੁੱਤਰ ਗੁਰਤੇਜ ਸਿੰਘ ਪੁੱਤਰ ਚੰਦ ਸਿੰਘ ਵਾਸੀ ਮੰਢਾਲੀ, ਤਹਿ: ਬੁਢਲਾਡਾ ਨੇ ਮਿਤੀ 3.3.2023 ਨੂੰ ਇੱਕ ਖਾਨਗੀ ਵਸੀਅਤ ਬਾਹੱਕ ਜਸਵੀਰ ਕੌਰ ਪਤਨੀ ਗੁਰਤੇਜ ਸਿੰਘ ਪੁੱਤਰ ਚੰਦ ਸਿੰਘ ਵਾਸੀ ਮੰਢਾਲੀ, ਤਹਿ: ਬੁਢਲਾਡਾ ਦੇ ਹੱਕ ਵਿੱਚ ਤਹਿਰੀਰ ਕਰਵਾਈ ਸੀ। ਵਸੀਅਤ ਕੁਨਿੰਦਾ ਦੀ ਮਿਤੀ 9.4.2023 ਨੂੰ ਮੌਤ ਹੋ ਚੁੱਕੀ ਹੈ। ਉਹ ਇਸ ਵਸੀਅਤ ਖਾਨਗੀ ਨੂੰ ਰਜਿਸਟਰਡ ਕਰਵਾਉਣਾ ਚਾਹੁੰਦੀ ਹੈ। ਇਸ ਲਈ ਖਾਨਗੀ ਵਸੀਅਤ ਦੇ ਰਜਿਸਟਰਡ ਹੋਣ ਬਾਰੇ ਜੇਕਰ ਕਿਸੇ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਇਸ ਨੋਟਿਸ ਦੇ ਛੱਪਣ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਅਸਾਲਤਨ ਜਾਂ ਵਕਾਲਤਨ ਆਪਣਾ ਉਜਰ ਇਸ ਦਫਤਰ ਵਿੱਚ ਪੇਸ਼ ਕਰ ਸਕਦਾ ਹੈ। ਬਾਅਦ ਗੁਜਰਨੇ ਮਿਆਦ ਕੋਈ ਉਜਰ ਕਾਬਲੇ ਸਮਾਇਤ ਨਹੀਂ ਹੋਵੇਗਾ ਅਤੇ ਵਸੀਅਤ ਖਾਨਗੀ ਨਿਯਮਾਂ ਅਨੁਸਾਰ ਰਜਿਸਟਰਡ ਕਰ ਦਿੱਤੀ ਜਾਵੇਗੀ।

ਇਹ ਇਸ਼ਤਿਹਾਰ ਜ਼ੇਰ ਧਾਰਾ 40-41 ਆਫ ਰਜਿਸਟਰੇਸ਼ਨ ਐਕਟ ਅਧੀਨ ਅੱਜ ਮਿਤੀ 11.8.2023 ਨੂੰ ਮੇਰੇ ਦਸਤਖਤਾਂ ਅਤੇ ਦਫਤਰੀ ਮੋਹਰ ਹੇਠ ਜਾਰੀ ਕੀਤਾ ਗਿਆ।

ਸਬ ਰਜਿਸਟਰਾਰ, ਬੁਢਲਾਡਾ।

Criminal Courts Amloh

In the Court of
Ms. Shampy Chaudhary
Sub Divisional Judicial Magistrate Amloh (P)

Next Date, Purpose of Case, Orders and Judgments as well as other case information is available on http://ecourts.gov.in.

Case No. NACT/392/2020
CNR No. PBFGAI-001966-2020
Previous Date : 12.6.2023
Next Date : 9.11.2023

Kulbhushan
Versus
Sanjeev Verma

Publication issued to : Kulbhushan S/o Surinder Kumar R/o 601, Tower 1-B, Suncity Parkarma, Sector 20, Panchkula

Versus

Sanjiv Verma Prop. M/S Shiv Shanker Company Shop No. 8, GF, Singhi Complex, Jassaran Road, Mandi Gobindgarh, Tehsil Amloh, Distt. Fatehgarh Sahib. Second Address : Sanjeev Verma S/o Devi Dayal Verma R/o Gali No. 2, Near Kartar Tubewell, Samrala Road, Khanna, Ludhiana .

Publication issued to : Accused

Sanjiv Verma Prop. M/S Shiv Shanker Company Shop No. 8, GF, Singhi Complex, Jassaran Road, Mandi Gobindgarh, Tehsil Amloh, Distt. Fatehgarh Sahib. Second Address : Sanjeev Verma S/o Devi Dayal Verma R/o Gali No. 2, Near Kartar Tubewell, Samrala Road, Khanna, Ludhiana . Accused

In the above said case, the accused could not be served through ordinary process. It is ordered that accused should appear in person or through counsel on 9.11.2023 at 10.00 a.m.

Sub Divisional Judicial Magistrate Amloh (P)
Dated, this day of 18.8.2023

COURT NOTICE

In the Court of
Sh. Harshbir Sandhu
Civil Judge (Junior Division), Malerkotla.

CNR No. PBSGC0-000877-2018
Next Date : 4.9.2023

State Bank of India
Versus
Gurdev Singh & Ors
EXE/105/30.5.2022

Publication issued to : 1. Gurdev Singh 2. Ajmer Singh 3. Balbir Singh All son's of Balihara Singh S/o Raunaq Singh R/o Vill. Mahmadpur, Tehsil Dhuri Distt. Sangrur.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 4.9.2023 at 10.00 a.m.

For details logon to https://highcourtchd.gov.in/?trs=district notice & district=Sangrur

Civil Judge (Junior Division), Malerkotla.
Dated, this day of 18.8.2023

COURT NOTICE

(Succession Case)
In the Court of
Amit Malhan
Civil Judge (Senior Division) Amritsar.

CNR No. PBAS02-003076-2023
Next Date : 4.9.2023

Rishi
Versus
General Public

Application Under Section 372 of the Indian Succession Act for the Grant of Succession Certificate in Respect of the Debts and Securities Left by Sh. Rakesh Kumar S/o Ram Parkash working as Class IV Employee, Guru Nanak Dev Hospital, Amritsar, who died on 16.9.2014

Notice to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 4.9.2023 at 10.00 a.m.

For details logon to https://highcourtchd.gov.in/?trs=district notice & district=Amritsar

Civil Judge (Senior Division) Amritsar.
Dated, this day of 17.8.2023

COURT NOTICE

(Under Guardian and Ward Act)
In the Court of
Amit Malhan
Civil Judge (Senior Division), Amritsar.

CNR No. PBAS02-003662-2023
Next Date : 14.11.2023

Sukhwinder Singh S/o Roop Singh R/o Saroopwali, Gurdaspur, Punjab.

Versus
General Public

Petition U/S 8 (2) of the Hindu Minority and Guardianship Act for the Permission to Transfer/Sell the share of the minor Jashanpreet Singh S/o Sukhwinder Singh.

Notice to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 14.11.2023 at 10.00 a.m.

For details logon to https://highcourtchd.gov.in/?trs=district notice & district=Amritsar

Civil Judge (Senior Division), Amritsar.
Dated, this day of 16.8.2023

ਕਲਾਸੀਫਾਈਡ ਇਸ਼ਤਿਹਾਰ

Public Notice

I, Devender Kumar Sharma S/o Om Parkash Sharma H.No. 227-B, Master Mehnga Singh Colony Birring Jalandhar declared that in some documents my name written as Devendra Kumar Sharma and in some documents written as Devender Kumar Sharma another is Devendar Kumar Sharma. But my name actual spelling is Devender Kumar Sharma. All these name are belong to one & same person i.e. me. (B)

I, Raj Kumar S/o Sh. Mulkh Raj R/o V.P.O. Chuheki, Tehsil Phillaur, Distt. Jalandhar, declare that actual name of my son is Madhav Sharma. But in the school admission foem I entered his name as Madhav, who is studing in St. Jude's Convent School Nakodar in IXth.

I, Kashmir Masih S/o Barkat Masih, R/o Village Peer di Sain, Tehsil/Distt Gurdaspur, my Son Jagtar Masih and my Daughter-in-law Tripta are my and my Family Saying out of Control. So I Disinherit Them from my Moveable and Immoveable Property. I Shall not be Responsible.

COURT NOTICE

In the Court of
Sh. Gagandeep Singh Garg
Civil Judge (Senior Division)-N.R.I. Court, Jalandhar.

CNR No. PBJL02-002462-2022
Next Date : 20.10.2023

Darshan Singh
Versus
Jaswinder Singh

Publication issued to : 2. Bharat Gupta S/o DN Gupta R/o Urban Estate Phase 1, Jalandhar 3. Parminder Singh S/o Gurbachan Singh R/o Ladowali Road, Jalandhar 4. Ashok Kumar S/o Khairati Lal R/o Neela Mahal, Jalandhar 5. Pritam Singh S/o Ujjagar Singh R/o Neela Mahal, Jalandhar

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 20.10.2023 at 10.00 a.m.

For details logon to https://highcourtchd.gov.in/?trs=district notice &district=Jalandhar

Civil Judge (Senior Division)-N.R.I. Court, Jalandhar.
Dated, this day of 10.8.2023

COURT NOTICE

In the Court of
Ms. Tripat Jot Kaur
Addl. Principal Judge Family Court-1, Camp Court at Nakodar.

CNR No. PBJL01-010032-2023
Next Date : 4.10.2023

Bhupinder Singh
Versus
Balwinder Kaur

Petition for Appointment as Legal Guardian

Publication issued to : General Public Father General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 4.10.2023 at 10.00 a.m.

For details logon to https://highcourtchd.gov.in/?trs=district notice &district=Jalandhar

Addl. Principal Judge Family Court-1, Camp Court at Nakodar.
Dated, this day of 13.8.2023

COURT NOTICE

In the Court of
Ms. Babaljit Kaur
Civil Judge (Junior Division)-16, Jalandhar.

CNR No. PBJL02-002137-2022
Next Date : 5.9.2023

Asha Chopra
Versus
Raj Kumar Gupta

Petition for eviction of respondent from the demised property.

Publication issued to : Raj Kumar Gupta S/o Satpal Gupta R/o 168, Hardeep Nagar, Hoshiarpur Road, Near Willem Public School Jalandhar.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 5.9.2023 at 10.00 a.m.

For details logon to https://highcourtchd.gov.in/?trs=district notice &district=Jalandhar

Civil Judge (Junior Division)-16, Jalandhar.
Dated, this day of 9.8.2023

ਆਮ ਸੂਚਨਾ

ਮੈਂ, ਵਿਨੈ ਬਾਂਸਲ ਪੁੱਤਰ ਯੋਗੇਸ਼ ਬਾਂਸਲ, ਵਾਸੀ 378/1, ਤੁਲਸੀ ਨਗਰ ਧੂਰੀ (ਸੰਗਰੂਰ) ਬਿਆਨ ਕਰਦਾ ਹਾਂ ਕਿ ਵਸੀਕਾ ਨੰਬਰ 1343 ਮਿਤੀ 19.07.1971 ਮਿਤੀ 17.03.2021 ਨੂੰ ਸਦਰ ਬਜਾਰ ਪੁਰਾਣੀ ਕਚਿਹਰੀ ਧੂਰੀ ਵਿਖੇ ਕਿਤੇ ਗੁੰਮ ਹੋ ਗਿਆ ਹੈ। ਮੈਂ ਹੁਣ ਇਸ ਪ੍ਰੋਪਰਟੀ ਦਾ ਮਾਲਕ ਹਾਂ। ਇਸ ਗੁੰਮਸੁਦਗੀ ਸਬੰਧੀ ਥਾਣਾ ਸਿਟੀ ਧੂਰੀ ਵਿਖੇ ਰਿਪੋਰਟ ਨੰਬਰ 52 ਮਿਤੀ 21.03.2021 ਦਰਜ਼ ਕਰਵਾ ਦਿੱਤੀ ਹੈ।

ਖਾਤਾ ਨੰ: 3004478013 ਗੁਰਨਾਮ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਪਿੰਡ ਚਾਚੋਵਾਲ ਟਿਊਬਵੈੱਲ ਕੁਨੈਕਸ਼ਨ ਉਪ ਮੰਡਲ ਸ/ਡ ਨੰ: 1, ਸੁਲਤਾਨਪੁਰ ਲੋਧੀ ਪੀ ਐੱਸ ਪੀ ਸੀ ਐੱਲ ਵਿਖੇ ਚੱਲ ਰਿਹਾ ਹੈ। ਇਹ ਕੁਨੈਕਸ਼ਨ ਬਲਵੀਰ ਸਿੰਘ ਪੁੱਤਰ ਗੰਗਾ ਸਿੰਘ ਦੇ ਨਾਂਅ 'ਤੇ ਤਬਦੀਲ ਕੀਤਾ ਜਾ ਰਿਹਾ ਹੈ, ਜੇ ਕਿਸੇ ਨੂੰ ਇਸ ਸੰਬੰਧੀ ਇਤਰਾਜ਼ ਹੋਵੇ ਤਾਂ ਲਿਖਤੀ ਰੂਪ ਵਿੱਚ ਪੀ ਐੱਸ ਪੀ ਸੀ ਐੱਲ ਸੁਲਤਾਨਪੁਰ ਲੋਧੀ ਸ/ਡ ਨੰ: 1 ਉਪ ਮੰਡਲ ਅਫਸਰ ਨੂੰ 15 ਦਿਨਾਂ ਵਿੱਚ ਦੇਵੇ। ਸਹਾਇਕ ਕਾਰਜਕਾਰੀ ਇੰਜੀਨੀਅਰ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਸੁਲਤਾਨਪੁਰ ਲੋਧੀ ਸ/ਡ ਨੰ: 1

ਮੈਂ, ਮੀਨਾ ਪਤਨੀ ਲੇਟ ਸ੍ਰੀ ਲਾਲ ਚੰਦ ਵਾਸੀ ਪਿੰਡ ਦਿਆਲਪੁਰ, ਕਪੂਰਥਲਾ ਆਪਣੇ ਬੇਟੇ ਅਸ਼ੋਕ ਕੁਮਾਰ ਪੁੱਤਰ ਲਾਲ ਚੰਦ ਨੂੰ ਮਿਤੀ 16.7.2020 ਨੂੰ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਤੋਂ ਹਲਫੀਆ ਬਿਆਨ ਰਾਹੀਂ ਬੇਦਖਲ ਕੀਤਾ ਸੀ। ਉਹ ਹੁਣ ਮੇਰੇ ਕਹਿਣੇ ਵਿੱਚ ਹੈ। ਇਸ ਲਈ ਮੈਂ ਉਸ ਦੀ ਬੇਦਖਲੀ ਖਾਰਜ ਕਰਦੀ ਹਾਂ ਅਤੇ ਉਹ ਮੇਰੀ ਹਰ ਤਰ੍ਹਾਂ ਦੀ ਜਾਇਦਾਦ ਵਿੱਚ ਭਾਗੀਦਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਅਮਰਜੀਤ ਕੌਰ ਪਤਨੀ ਸਵ: ਸ੍ਰੀ ਤਰਸੇਮ ਕੁਮਾਰ ਵਾਸੀ ਮਕਾਨ ਨੰ: 213/1, ਕਟਾਹਰਾ ਮੁਹੱਲਾ, ਬਸਤੀ ਬਾਵਾ ਖੇਲ, ਜਲੰਧਰ ਆਪਣੇ ਬੇਟੇ ਕਮਲਜੀਤ ਅਲਿਆਸ ਰਾਜੂ ਨੂੰ ਮਿਤੀ 27 ਨਵੰਬਰ 2013 ਨੂੰ ਬੇਦਖਲ ਕਰ ਦਿੱਤਾ ਸੀ ਅਤੇ ਇਸ਼ਤਿਹਾਰ ਉੱਤਮ ਹਿੰਦੂ ਅਖਬਾਰ ਵਿੱਚ ਕਢਾਇਆ ਸੀ, ਪਰ ਹੁਣ ਉਸ ਨੇ ਗਲਤੀ ਮੰਨਣ ਅਤੇ ਕਹਿਣਾ ਮੰਨਣ ਦਾ ਵਿਸ਼ਵਾਸ ਦਿੱਤਾ ਹੈ। ਇਸ ਲਈ ਮੈਂ ਆਪਣੇ ਲੜਕੇ ਕਮਲਜੀਤ ਅਲਿਆਸ ਰਾਜੂ ਦੀ ਬੇਦਖਲੀ ਵਾਪਸ ਲੈਂਦੀ ਹਾਂ ਅਤੇ ਉਹ ਸਾਡੀ ਚੱਲ-ਅਚੱਲ ਜਾਇਦਾਦ 'ਚ ਵਾਰਸ ਰਹੇਗਾ। ਸੰਬੰਧਤ ਨੋਟ ਕਰਨ। (8330)

ਦਰਸ਼ਨ ਸਿੰਘ ਪੁੱਤਰ ਰਘਵੀਰ ਸਿੰਘ ਪਿੰਡ ਭੁੱਲਰਹੇੜੀ ਦੇ ਨਾਮ ਤੇ ਚੱਲਦੇ ਏ.ਪੀ ਕੁਨੈਕਸ਼ਨ ਖਾਤਾ ਨੰ - 699 ਏਪੀ (20 ਹਾਰਸ ਪਾਵਰ) ਨੂੰ ਹਰਜੀਤ ਕੌਰ ਪਤਨੀ ਦਰਸ਼ਨ ਸਿੰਘ ਵਾਸੀ ਪਿੰਡ ਬਾਰਨ ਜਿਲ੍ਹਾ ਪਟਿਆਲਾ ਨੇ ਆਪਣੇ ਨਾਮ ਤਬਦੀਲ ਕਰਵਾਉਣ ਲਈ ਅਪਲਾਈ ਕੀਤਾ ਹੈ, ਇਤਰਾਜੀ 15 ਦਿਨਾਂ ਅੰਦਰ ਐਸਡੀਓ ਉਪਮੰਡਲ ਭੁਲਵਾਨ ਪਾਵਰਕਾਮ ਵਿਖੇ ਇਤਰਾਜ਼ ਪੇਸ਼ ਕਰੇ।

ਮੈ ਅਜੀਤਇੰਦਰ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਨਰਿੰਦਰਪੁਰਾ ਹਾਲ ਭਾਗੂ ਰੋਡ ਬਠਿੰਡਾ ਬਿਆਨ ਕਰਦਾ ਹਾ ਕਿ ਅਜੀਤਇੰਦਰ ਸਿੰਘ ਅਤੇ ਅਜੀਤ ਸਿੰਘ ਦੋਵੇ ਨਾਮ ਮੇਰੇ ਹਨ ਮੈਨੂੰ ਦੋਵਾ ਨਾਵਾਂ ਨਾਲ ਜਾਣਿਆ ਜਾਦਾ ਹੈ। ਸਬੰਧਿਤ ਨੋਟ ਕਰਨ। (ਬੀ)

ਮੈ ਜੋਗਿੰਦਰ ਸਿੰਘ ਪੁੱਤਰ ਲੇਟ ਸਰਵਣ ਸਿੰਘ ਵਾਸੀ #135, ਮੰਦਿਰ ਵਾਸੀ ਗਲੀ ,ਸੰਸਾਰਪੁਰ, ਜਿਲਾ ਜਲੰਧਰ ਨੇ ਆਪਣੇ ਲੜਕੇ ਇੰਦਰਪ੍ਰੀਤ ਸਿੰਘ ਨੂੰ ਸਾਲ 2014 ਵਿਚ ਬੇਦਖਲ ਕੀਤਾ ਸੀ ਹੁਣ ਇਹ ਮੇਰੇ ਕਹਿਣੇ ਵਿਚ ਹਨ, ਮੈ ਉਕਤ ਬੇਦਖਲੀ ਰੱਦ ਕਰਦਾ ਹਾਂ।

ਸ੍ਰੀ ਸਰਬਜੀਤ ਸਿੰਘ ਪੁੱਤਰ ਸਾਧੂ ਸਿੰਘ ਪਿੰਡ ਡੱਡਵਾਂ ਜਿਲ੍ਹਾ ਗੁਰਦਾਸਪੁਰ ਦਾ ਟਿਊਬਵੈੱਲ ਕੁਨੈਕਸ਼ਨ 3 HP ਖਾਤਾ ਨੰਬਰ AP-21/905 ਨੂੰ ਤਬਦੀਲ ਕਰ ਕੇ ਸ੍ਰੀਮਤੀ ਨਿਰਮਲ ਕੌਰ ਪਤਨੀ ਅਮਰਜੀਤ ਸਿੰਘ ਪਿੰਡ ਡੱਡਵਾਂ, ਜਿਲ੍ਹਾ ਗੁਰਦਾਸਪੁਰ ਦੇ ਨਾਮ ਤਬਦੀਲ ਕੀਤੇ ਜਾਣ ਦੀ ਅਰਜੀ ਆਈ ਹੈ। ਜੇ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ ਉਪ ਮੰਡਲ ਅਫਸਰ, ਪਾਵਰਕੌਮ, ਜੌੜਾ ਛੱਤਰਾਂ (ਗੁਰਦਾਸਪੁਰ) ਵਿਖੇ ਪੇਸ਼ ਕੀਤਾ ਜਾ ਸਕਦਾ ਹੈ।

ਮੈਂ, ਸੂਰੇਯਾ ਪਤਨੀ ਸ੍ਰੀ ਸਤਪਾਲ ਵਾਸੀ ਪਲਾਟ ਨੰ: 49, ਗਲੀ ਨੰ: 1, ਕੁਸ਼ੱਲਿਆ ਪੈਲੇਸ ਦੇ ਨੇੜੇ ਨੀਵੀਂ ਆਬਾਦੀ ਕਿਸ਼ਨ ਕੋਟ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਰੀਤਿਕਾ ਦੇ ਦਸਵੀਂ ਅਤੇ ਬਾਰ੍ਹਵੀਂ ਦੇ ਸਰਟੀਫਿਕੇਟਾਂ ਵਿੱਚ ਜੋ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਜਾਰੀ ਕੀਤੇ ਹਨ, ਮੇਰਾ ਨਾਂਅ ਸੁਰਈਆ ਗਲਤ ਲਿਖਿਆ ਹੈ, ਜਦ ਕਿ ਮੇਰਾ ਸਹੀ ਨਾਂਅ ਸੂਰੇਯਾ ਹੈ। ਸੰਬੰਧਤ ਨੋਟ ਕਰਨ। (ਕਮਲ)

ਮੈਂ, ਕੁਲਵਿੰਦਰ ਸਿੰਘ ਪੁੱਤਰ ਲੇਟ ਸ੍ਰੀ ਮਿਲਖਾ ਸਿੰਘ ਵਾਸੀ ਖਾਸਾ ਕਾਲੋਨੀ (ਖੁਰਮਣੀਆਂ), ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਵੱਡਾ ਭਰਾ ਜਸਵਿੰਦਰ ਸਿੰਘ ਅਤੇ ਇਸ ਦੀ ਪਤਨੀ ਬਲਜੀਤ ਕੌਰ ਉਰਫ ਸੋਨੀਆ ਤੇ ਇਨ੍ਹਾਂ ਦੀ ਲੜਕੀ ਪਰਨੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨਾਲ ਸਾਰੇ ਸੰਬੰਧ ਤੋੜਦਾ ਹਾਂ। ਮੇਰੇ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਜਾਂ ਲੈਣ-ਦੇਣ ਨਹੀਂ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਬੇਦਖਲੀ ਨੋਟਿਸ

ਮੈਂ, ਜਸਪਾਲ ਸਿੰਘ ਪੁੱਤਰ ਸ੍ਰ. ਬੁੱਢਾ ਸਿੰਘ ਵਾਸੀ ਪਿੰਡ ਚੈਨਪੁਰ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਬਿ

19-AUG-PAGE-7.qxd 8/18/2023 9:48 PM Page 1

ਸਤਲੁਜ 'ਚ ਪਾਣੀ ਦੀ ਭਾਰੀ ਆਮਦ ਦੇ ਬਾਵਜੂਦ ਪ੍ਰਸ਼ਾਸਨ ਤੇ ਸਰਕਾਰ ਅਵੇਸਲੇ

ਖੰਨਾ ਤੋਂ ਕੁੱਸੂਵਾਲਾ ਤੱਕ ਲੋਕ ਆਪਣੇ ਪੱਧਰ 'ਤੇ ਕਮਜ਼ੋਰ ਥਾਵਾਂ ਦੀ ਕਰ ਰਹੇ ਹਨ ਮੁਰੰਮਤ

ਜ਼ੀਰਾ (ਪਰਮਜੀਤ ਸਿੰਘ ਧੰਜੂ)-ਪੰਜਾਬ ਵਿੱਚ ਬੀਤੇ ਮਹੀਨੇ ਵੀ ਸਤਲੁਜ ਦਰਿਆ ਵਿੱਚ ਪਾਣੀ ਦੀ ਭਾਰੀ ਆਮਦ ਕਾਰਨ ਦਰਿਆ ਪਾਰਲੇ ਦੁਆਬਾ ਖੇਤਰ ਲਈ ਭਾਰੀ ਤਬਾਹੀ ਦਾ ਕਾਰਨ ਬਣਿਆ ਸੀ, ਜਦ ਕਿ ਮੱਖੂ ਵਾਲੇ ਪਾਸੇ ਬੰਨ੍ਹ ਦੇ ਬਰਾਬਰ ਪਾਣੀ ਦੇ ਵਹਿਣ ਦੇ ਬਾਵਜੂਦ ਪਿੰਡਾਂ ਦੇ ਕਿਸਾਨਾਂ ਦੀ ਦਿਨ-ਰਾਤ ਦੀ ਮੁਸ਼ੱਕਤ ਅਤੇ ਦਿੱਤੇ ਦਿਨ-ਰਾਤ ਦੇ ਪਹਿਰੇ ਕਾਰਨ ਟੁੱਟਣ ਤੋਂ ਬਚ ਗਿਆ ਸੀ। ਦਰਿਆ ਦੇ ਪਾਰਲੇ ਪਾਸੇ ਗਿੱਦੜਪਿੰਡੀ ਨਜ਼ਦੀਕ ਸਤਲੁਜ ਦਰਿਆ ਦਾ ਬੰਨ੍ਹ ਟੁੱਟ ਗਿਆ ਸੀ, ਜਿਸ ਕਾਰਨ ਦਰਿਆ ਪਾਰਲੇ ਕਿਸਾਨਾਂ ਦੀ ਹਜ਼ਾਰਾਂ ਏਕੜ ਫਸਲ ਖਤਮ ਹੋ ਗਈ ਸੀ। ਦਰਿਆ ਦੇ ਪਾਰਲੇ ਪਾਸੇ ਪਾਸੇ ਬੰਨ੍ਹ ਟੁੱਟ ਜਾਣ ਕਾਰਨ ਦਰਿਆ ਦੇ ਪਾਣੀ ਦਾ ਵਹਾਅ ਓਧਰ ਨੂੰ ਹੋਣ ਕਾਰਨ ਮਖੂ ਵਾਲੇ ਪਾਸੇ ਤੋਂ ਟੁੱਟਣ ਤੋਂ ਬਚ ਗਿਆ ਸੀ। ਹੁਣ ਫੇਰ ਸਤਲੁਜ ਦਰਿਆ ਭਾਰੀ ਉਫਾਨ 'ਤੇ ਹੈ ਅਤੇ ਮਖੂ ਵਾਲੇ ਪਾਸੇ ਦਰਿਆ ਨਾਲ ਲੱਗਦੇ ਪਿੰਡਾਂ ਦੇ ਕਿਸਾਨਾਂ ਦੇ ਸਾਹ ਸੂਤੇ ਪਏ ਹਨ। ਪਿੰਡ ਖੰਨਾ ਦੇ ਕਿਸਾਨਾਂ ਨੇ ਦੱਸਿਆ ਕਿ ਚੱਕ ਖੰਨਾ, ਵਾੜਾ ਕਾਲੀ ਰਾਉਨ, ਵਾੜਾ ਸੁਲੇਮਾਨ, ਮਾਹਲੇ ਵਾਲਾ, ਲਾਲੂ ਵਾਲਾ ਆਦਿ ਦਰਿਆ ਦੇ ਕੰਢੇ ਵੱਸਦੇ ਪਿੰਡਾਂ ਦੇ ਕਿਸਾਨਾਂ ਨੇ ਆਪਣੇ ਤੌਰ

ਬੰਨ੍ਹ ਦੇ ਨਾਲ ਠਾਠਾਂ ਮਾਰਦਾ ਸਤਲੁਜ ਦਰਿਆ।

'ਤੇ ਪਿੰਡਾਂ ਵਿੱਚ ਗੁਰਦੁਆਰਾ ਸਾਹਿਬ ਤੋਂ ਅਵਾਜ਼ ਦੁਆ ਕੇ ਬੰਨ੍ਹ ਦੀ ਮਜ਼ਬੂਤੀ ਲਈ ਫੰਡ ਇਕੱਠਾ ਕੀਤਾ ਹੈ, ਜਿਸ ਨਾਲ ਕਮਜ਼ੋਰ ਥਾਵਾਂ 'ਤੇ ਮਿੱਟੀ ਪਾਈ ਹੈ ਅਤੇ ਇਕ ਜੇ ਸੀ ਬੀ ਕਿਰਾਏ 'ਤੇ ਲਿਆ ਕੇ ਖੜੀ ਕੀਤੀ ਹੈ ਤਾਂ ਕਿ ਜੇਕਰ ਖਤਰੇ ਦਾ ਸਾਹਮਣਾ ਕਰਨਾ ਪਿਆ ਤਾਂ ਮੌਕੇ 'ਤੇ ਕੰਮ ਆ ਸਕੇ। ਪਿੰਡ ਖੰਨਾ ਦੇ ਕਿਸਾਨ ਪਰਮਜੀਤ ਸਿੰਘ ਖੰਨਾ, ਜਗਬੀਰ ਸਿੰਘ ਵਾਈਸ ਪ੍ਰਧਾਨ ਬੀ ਕੇ ਯੂ ਰਾਜੇਵਾਲ, ਜਗਵਿੰਦਰ ਸਿੰਘ ਇਕਾਈ ਪ੍ਰਧਾਨ ਖੰਨਾ, ਗੁਰਪ੍ਰੀਤ ਸਿੰਘ ਖੰਨਾ, ਨਿਸ਼ਾਨ ਸਿੰਘ ਖੰਨਾ, ਸਾਬਕਾ ਸਰਪੰਚ ਮਹਿਲ ਸਿੰਘ ਮਾਹਲੇ ਵਾਲਾ, ਸੁਖਦੇਵ ਸਿੰਘ ਸ਼ੇਰਾ ਮਡਾਹਰ, ਕਰਮ ਸਿੰਘ ਸਾਬਕਾ ਸਰਪੰਚ ਖੰਨਾ, ਗੁਰਨਾਮ ਸਿੰਘ ਖੰਨਾ, ਸਾਬਕਾ ਸਰਪੰਚ ਅਮਰਜੀਤ ਸਿੰਘ ਖੰਨਾ ਆਦਿ ਕਿਸਾਨਾਂ ਨੇ ਦੱਸਿਆ ਕਿ ਬੰਨ੍ਹ ਦੀ ਰਖਵਾਲੀ ਲਈ ਪਹਿਰਾ ਦਿੱਤਾ ਜਾ ਰਿਹਾ ਹੈ।

ਪਿੰਡਾਂ ਦੇ ਕਿਸਾਨਾਂ ਨੇ ਦੱਸਿਆ ਕਿ ਪਿਛਲੇ ਤਿੰਨ-ਚਾਰ ਦਿਨਾਂ ਤੋਂ ਜਦ ਤੋਂ ਸਤਲੁਜ ਦਰਿਆ ਦੇ ਪਾਣੀ ਵਿੱਚ ਭਾਰੀ ਉਛਾਲ ਆਇਆ ਹੈ, ਉਨ੍ਹਾਂ ਦੀ ਮੱਦਦ ਜਾਂ ਬੰਨ੍ਹ ਦਾ ਸਰਵੇਖਣ ਕਰਨ ਲਈ ਪ੍ਰਸ਼ਾਸਨਕ ਅਧਿਕਾਰੀ ਜਾਂ ਸਰਕਾਰ ਦੀ ਤਰਫੋਂ ਕੋਈ ਨਹੀਂ ਬਹੁੜਿਆ। ਕਿਸਾਨਾਂ ਨੇ ਗਿਲਾ ਕਰਦੇ ਹੋਏ ਕਿਹਾ ਕਿ ਸਰਕਾਰ ਜੇਕਰ ਬੰਨ੍ਹ ਦੀ ਮਜ਼ਬੂਤੀ ਲਈ ਕੁੱਝ ਨਹੀਂ ਕਰ ਸਕਦੀ ਤਾਂ ਬੰਨ੍ਹ ਟੁੱਟ ਜਾਣ ਦੇ ਬਾਅਦ ਬਰੈੱਡ ਵੰਡਣ ਨਾ ਆਵੇ। ਉਨ੍ਹਾਂ ਕਿਹਾ ਕਿ ਜੇਕਰ ਕੋਈ ਮਦਦ ਕਰਨੀ ਹੈ ਤਾਂ ਬੰਨ੍ਹ ਦੀ ਮਜ਼ਬੂਤੀ ਲਈ ਕਰਨ। ਪਿੰਡਾਂ ਦੇ ਕਿਸਾਨਾਂ ਦੀ ਮੰਗ ਹੈ ਕਿ ਜ਼ਿਲ੍ਹਾ ਫਿਰੋਜ਼ਪੁਰ ਦੇ ਡਿਪਟੀ ਕਮਿਸਸ਼ਰ ਤੇ ਸਰਕਾਰ ਇਸ ਪਾਸੇ ਉਚੇਚਾ ਧਿਆਨ ਦੇਣ ਤਾਂ ਜੋ ਬੰਨ੍ਹ ਨੂੰ ਟੁੱਟਣ ਤੋਂ ਬਚਾਇਆ ਜਾ ਸਕੇ। ਉਧਰ ਸਤਲੁਜ ਦਰਿਆ ਦੇ ਉਫਾਨ ਨੂੰ ਵੇਖਦੇ ਹੋਏ ਰੇਲਵੇ ਵਿਭਾਗ ਨੇ ਜਲੰਧਰ-ਫਿਰੋਜ਼ਪੁਰ ਸਮੇਤ ਸਾਰੀਆਂ ਲੰਬੀ ਦੂਰੀ ਦੀਆਂ ਗੱਡੀਆਂ ਬੰਦ ਕਰ ਦਿੱਤੀਆਂ ਹਨ।

ਸਿਲਵਰ ਓਕਸ ਸਕੂਲ 'ਚ ਮਨਾਇਆ ਅਜ਼ਾਦੀ ਦਿਵਸ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਸਿਲਵਰ ਓਕਸ ਸਕੂਲ ਰਾਮਪੁਰਾ ਰੋਡ ਬਠਿੰਡਾ ਵਿਖੇ ਵੀ ਆਜ਼ਾਦੀ ਦਿਵਸ ਮਨਾਇਆ ਗਿਆ। ਸਕੂਲ ਨੂੰ ਤਿਰੰਗੇ ਝੰਡੇ ਦੇ ਰੰਗਾਂ ਦੇ ਗੁਬਾਰਿਆਂ ਨਾਲ ਸਜਾਇਆ ਗਿਆ। ਸਾਰੇ ਵਿਦਿਆਰਥੀ ਤੇ ਅਧਿਆਪਕ ਵੀ ਤਿਰੰਗੇ ਝੰਡੇ ਦੇ ਰੰਗਾਂ 'ਚ ਸਜ ਕੇ ਸਕੂਲ ਪਹੁੰਚੇ। ਇਸ ਮੌਕੇ ਪਹੁੰਚੇ ਸਿਲਵਰ ਓਕਸ ਸਕੂਲਾਂ ਦੀ ਨਿਰਦੇਸ਼ਕਾ ਬਰਨਿੰਦਰ ਪਾਲ ਸੇਖੋਂ ਨੂੰ ਅਜ਼ਾਦੀ ਦਿਵਸ ਦੀਆਂ ਮੁਬਾਰਕਾਂ ਦਿੰਦੇ ਹੋਏ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੇ ਦੇਸ਼ ਭਗਤੀ ਕਵਿਤਾ, ਗੀਤ ਤੇ ਨਾਟਕਾਂ ਰਾਹੀਂ ਸਭ ਦਾ ਮਨ ਜਿੱਤ ਲਿਆ। ਸਕੂਲਾਂ ਦੇ ਨਿਰਦੇਸ਼ਕਾ ਸ੍ਰੀਮਤੀ ਸੇਖੋਂ ਨੇ ਬੱਚਿਆਂ ਦੀ ਇਸ ਸੋਹਣੀ ਪੇਸ਼ਕਾਰੀ ਲਈ ਪ੍ਰਸੰਸਾ ਕੀਤੀ ਗਈ। ਸਕੂਲ ਦੇ ਮੁੱਖ ਅਧਿਆਪਕਾ ਸ੍ਰੀਮਤੀ ਛਾਇਆ ਵਿਨੋਚਾ ਵੱਲੋਂ ਸ੍ਰੀਮਤੀ ਸੇਖੋਂ ਦਾ ਇਸ ਖਾਸ ਦਿਨ 'ਤੇ ਪਹੁੰਚਣ ਉਪਰੰਤ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਨਾਲ ਹੀ ਮਾਪਿਆਂ ਦਾ ਵੀ ਆਪਣੇ ਬੱਚਿਆਂ ਨੂੰ ਤਿਰੰਗੇ ਝੰਡੇ ਦੇ ਰੰਗਾਂ 'ਚ ਸਜਾ ਕੇ ਭੇਜਣ ਲਈ ਧੰਨਵਾਦ ਕੀਤਾ। ਮੁੱਖ ਅਧਿਆਪਕਾ ਸ੍ਰੀਮਤੀ ਛਾਇਆ ਵਿਨੋਚਾ ਤੇ ਸਮੂਹ ਸਟਾਫ ਵੱਲੋਂ ਬੜੇ ਮਾਣ ਸਨਮਾਨ ਨਾਲ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਦੇ ਹੋਏ ਰਾਸ਼ਟਰੀ ਗਾਣ ਨਾਲ ਪ੍ਰੋਗਰਾਮ ਦੀ ਸਮਾਪਤੀ ਕੀਤੀ ਗਈ।

ਸੜਕ ਦੀ ਖਸਤਾ ਹਾਲਤ ਕਾਰਨ ਰਾਹਗੀਰ ਪ੍ਰੇਸ਼ਾਨ

ਅਮਲੋਹ (ਪ੍ਰਮੋਦ ਭਾਰਦਵਾਜ)-ਪਿੰਡ ਰਾਏਪੁਰ ਚੋਬਦਾਰਾਂ, ਕਪੂਰਗੜ੍ਹ, ਭਰਪੂਰਗੜ੍ਹ, ਸ਼ੇਰਗੜ੍ਹ, ਕੰਜਾਰੀ ਨੂੰ ਆਪਸ ਵਿੱਚ ਜੋੜਦੀ ਸੜਕ ਦੀ ਹਾਲਤ ਖਸਤਾ ਹੋ ਕਾਰਨ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਕਾਰਨ ਕਾਫੀ ਐਕਸੀਡੈਂਟ ਵੀ ਹੋ ਰਹੇ ਹਨ ਤੇ ਇਨ੍ਹਾਂ ਪਿੰਡਾਂ ਵਿੱਚ ਦੀ ਚੱਲਦੀ ਬੱਸ ਸਰਵਿਸ ਵੀ ਸੜਕ ਦੀ ਮਾੜੀ ਹਾਲਤ ਕਰਕੇ ਇਹਨਾਂ ਪਿੰਡਾਂ ਤੋਂ ਕਾਫੀ ਦੂਰੀ ਲੰਘਦੀ ਹੈ, ਜਿਸ ਨਾਲ ਇਨ੍ਹਾਂ ਪਿੰਡਾਂ ਦੀ ਸਵਾਰੀਆਂ ਨੂੰ ਲਾਡਪੁਰ ਤੋਂ ਰਾਏਪੁਰ ਚੋਬਦਾਰਾਂ ਨੂੰ ਜਾਂਦੀ ਸੂਏ ਵਾਲੀ ਸੜਕ ਤੋਂ ਬਸ ਚੜ੍ਹਨਾ ਪੈਦਾ ਹੈ, ਜੋ ਇਨ੍ਹਾਂ ਪਿੰਡਾਂ ਤੋਂ ਲਗਭਗ ਇੱਕ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਨ੍ਹਾਂ ਵਿਚਾਰਾਂ ਪ੍ਰਗਟਾਵਾ ਦਾ ਸ਼ਹੀਦ ਭਗਤ ਸਿੰਘ ਯੂਥ ਸਪੋਰਟਸ ਤੇ ਸੱਭਿਆਚਾਰਕ ਕਲੱਬ (ਰਜਿ.) ਕਪੂਰਗੜ੍ਹ (ਪੰਜਾਬ) ਪ੍ਰਧਾਨ ਤੀਰਥ ਸਿੰਘ ਕਪੂਰਗੜ੍ਹ ਨੇ ਕੀਤਾ। ਉਨ੍ਹਾਂ ਸਰਕਾਰ ਤੇ ਪ੍ਰਸ਼ਾਸਨ ਤੋਂ ਮੰਗ ਕਰਦਿਆਂ ਕਿਹਾ ਸੜਕ ਨੂੰ ਛੇਤੀ ਤੋਂ ਛੇਤੀ ਬਣਾਇਆ ਤਾਂ ਜੁ ਆਉਣ-ਜਾਣ ਵਾਲੇ ਰਾਹਗੀਰਾਂ ਨੂੰ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ ਤੇ ਰੋਜ਼ਾਨਾ ਹੁੰਦੇ ਐਕਸੀਡੈਂਟ ਨੂੰ ਰੋਕ ਲੱਗ ਸਕੇ ਤੇ ਬਸ ਸਰਵਿਸ ਸਹੀ ਢੰਗ ਨਾਲ ਚੱਲ ਸਕੇ। ਇਸ ਮੌਕੇ ਹਰਪਾਲ ਕਾਲਾ, ਸਮਾਜ ਸੇਵਕ ਅੱਛਰੂ ਰਾਮ, ਗੁਰਸੇਵਕ ਸਿੰਘ ਤੋਂ ਇਲਾਵਾ ਕਾਫੀ ਰਾਹਗੀਰ ਸ਼ਾਮਲ ਸਨ।

ਪ੍ਰਿੰ. ਰਵਿੰਦਰ ਕੁਮਾਰ ਦਾ ਇੰਡੀਅਨ ਟੇਲੈਂਟ ਉਲੰਪਿਆਡ ਵੱਲੋਂ ਸਨਮਾਨ

ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)-ਜੇ. ਐਨ. ਇੰਟਰਨੈਸ਼ਨਲ ਸਕੂਲ ਸੈਦੇ ਕੇ ਮੋਹਨ ਦੇ ਪ੍ਰਿੰਸੀਪਲ ਸ੍ਰੀ ਰਵਿੰਦਰ ਕੁਮਾਰ ਨੂੰ ਇੰਡੀਅਨ ਟੈਲੇਂਟ ਓਲੰਪਿਆਡ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਬਹੁਮੁੱਲੇ ਯੋਗਦਾਨ ਲਈ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਸ੍ਰੀ ਰਵਿੰਦਰ ਕੁਮਾਰ ਨੂੰ ਸਕੂਲ ਦੇ ਸ਼ਾਨਦਾਰ ਨਤੀਜੇ, ਸਿੱਖਿਆ ਦੇ ਖੇਤਰ ਵਿੱਚ ਯੋਗ ਅਗਵਾਈ ਕਰਤਾ ਤੇ ਸਮਾਜ ਦੀ ਬੇਹਤਰੀ, ਤਰੱਕੀ ਤੇ ਸਮਾਜਿਕ ਕੰਮਾਂ ਵਿੱਚ ਪਾਏ ਯੋਗਦਾਨ ਨੂੰ ਮੁੱਖ ਰੱਖਦਿਆਂ ਇੰਡੀਅਨ ਟੈਲੇਂਟ ਓਲੰਪਿਆਡ ਦੀ ਸਮੁੱਚੀ ਟੀਮ ਵੱਲੋਂ ਬੈਸਟ ਪ੍ਰਿੰਸੀਪਲ ਦੇ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਸ ਐਵਾਰਡ ਲਈ ਪ੍ਰਿੰਸੀਪਲ ਰਵਿੰਦਰ ਕੁਮਾਰ ਵੱਲੋਂ ਇੰਡੀਅਨ ਟੈਲੇਂਟ ਉਲੰਪਿਆਡ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ ਗਿਆ। ਸਕੂਲ ਦੇ ਚੈਅਰਮੈਨ ਸ੍ਰੀ ਜਨਕ ਰਾਜ ਮੁੰਜਾਲ, ਮਨੇਜਿੰਗ ਡਾਇਰੈਕਟਰ ਸ੍ਰੀ ਅਰਜੁਨ ਮੁੰਜਾਲ, ਮੈਨੇਜਮੈਂਟ ਮੈਂਬਰ ਸ੍ਰੀਮਤੀ ਏਕਤਾ ਮੁੰਜਾਲ, ਮੈਨੇਜਮੈਂਟ ਮੈਂਬਰ ਸ੍ਰੀਮਤੀ ਅੰਜਲੀ ਚਾਨਣਾ ਤੇ ਅਧਿਆਪਕਾ ਅਤੇ ਸਮੂਹ ਸਕੂਲ ਸਟਾਫ ਨੇ ਪ੍ਰਿੰਸੀਪਲ ਸ੍ਰੀ ਰਵਿੰਦਰ ਕੁਮਾਰ ਜੀ ਨੂੰ ਮੁਬਾਰਕਾਂ ਦਿੱਤੀਆਂ।

ਪਰਮਿੰਦਰਦੀਪ ਨੇ ਰਾਈਫਲ ਸ਼ੂਟਿੰਗ ਚੈਂਪੀਅਨਸ਼ਿਪ 'ਚ ਜਿੱਤਿਆ ਸੋਨ ਤਮਗਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਜ਼ਿਲ੍ਹੇ ਦੇ ਪਿੰਡ ਬਰਾਜਵਾਲਾ ਦੇ ਨੌਜਵਾਨ ਪਰਮਿੰਦਰਦੀਪ ਸਿੰਘ ਨੇ ਪੰਜਾਬ ਸਟੇਟ ਨੈਸ਼ਨਲ ਰਾਈਫਲਜ਼ ਸ਼ੂਟਿੰਗ ਚੈਂਪੀਅਨਸ਼ਿਪ-2023 (ਫਾਇਰ ਆਰਮਜ਼) ਵਿੱਚ ਸੋਨ ਤਮਗਾ ਜਿੱਤ ਕੇ ਸੂਬੇ ਦਾ ਨਾਮ ਰੌਸ਼ਨ ਕਰਨ ਦੇ ਨਾਲ-ਨਾਲ ਆਪਣੀ ਪ੍ਰਤਿਭਾ ਦਾ ਸਬੂਤ ਦਿੱਤਾ ਹੈ। ਪੀ.ਏ.ਪੀ. ਜਲੰਧਰ ਵਿਖੇ ਹੋਈ ਤਿੰਨ ਰੋਜ਼ਾ ਚੈਂਪੀਅਨਸ਼ਿਪ ਵਿੱਚ ਪਰਮਿੰਦਰਦੀਪ ਨੇ ਇਹ ਸੋਨ ਤਮਗਾ 50 ਮੀਟਰ ਰਾਈਫਲ ਕੈਟਾਗਰੀ ਵਿੱਚ ਸਾਰੇ ਮੁਕਾਬਲੇਬਾਜ਼ਾਂ ਨੂੰ ਪਿੱਛੇ ਛੱਡਦਿਆਂ ਹਾਸਲ ਕੀਤਾ। ਸੁਤੰਤਰਤਾ ਦਿਵਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਨੇ ਪਰਮਿੰਦਰਦੀਪ ਦੀ ਇਸ ਮਾਣਮੱਤੀ ਪ੍ਰਾਪਤੀ ਲਈ ਉਸ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਤੇ ਅਗਾਂਹ ਤੋਂ ਹੋਰ ਪ੍ਰਾਪਤੀਆਂ ਕਰਨ ਲਈ ਹੱਲਾਸ਼ੇਰੀ ਵੀ ਦਿੱਤੀ। ਚੰਡੀਗੜ੍ਹ ਯੂਨੀਵਰਸਿਟੀ ਤੋਂ ਸਿਵਲ ਇੰਜੀਨੀਅਰ ਦੀ ਡਿਗਰੀ ਹਾਸਲ ਕਰ ਚੁੱਕੇ ਪਰਮਿੰਦਰਦੀਪ ਇੰਜਨੀਅਰਿੰਗ ਦੇ ਖੇਤਰ ਵਿੱਚ ਯੋਗਦਾਨ ਪਾਉਣ ਦੇ ਨਾਲ-ਨਾਲ ਸ਼ੂਟਿੰਗ ਰੇਂਜ ਵਿੱਚ ਵੀ ਆਪਣੀ ਪ੍ਰਤਿਭਾ ਦਾ ਲੋਹਾ ਮੰਨਵਾ ਰਹੇ ਹਨ। ਆਪਣੇ ਖੇਡ ਸਫਰ ਬਾਰੇ ਗੱਲ ਕਰਦਿਆਂ ਪਰਮਿੰਦਰਦੀਪ ਨੇ ਕਿਹਾ ਕਿ ਉਹ ਸਖਤ ਮਿਹਨਤ ਤੇ ਪੇਸ਼ੇਵਰ ਸਿਖਲਾਈ ਨਾਲ ਭਵਿੱਖ ਵਿੱਚ ਵੀ ਆਪਣਾ ਜੇਤੂ ਸਫਰ ਜਾਰੀ ਰੱਖੇਗਾ ਤਾਂ ਕਿ ਪੰਜਾਬ ਤੇ ਖਾਸ ਕਰਕੇ ਆਪਣੇ ਜ਼ਿਲ੍ਹੇ ਦਾ ਨਾਮ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਰੌਸ਼ਨ ਕਰ ਸਕੇ।

ਸੱਤਿਆਵਤੀ ਕੱਕੜ ਨਮਿੱਤ ਅੰਤਿਮ ਅਰਦਾਸ ਅੱਜ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਸਥਾਨਕ ਦਸਮੇਸ਼ ਨਗਰ ਨਿਵਾਸੀ ਮਾਸਟਰ ਦਰਸ਼ਨ ਕੱਕੜ (ਕੱਕੜ ਅਕੈਡਮੀ ਵਾਲੇ) ਦੀ ਧਰਮਪਤਨੀ ਸੇਵਾ ਮੁਕਤ ਅਧਿਆਪਕਾ ਸੱਤਿਆਵਤੀ ਕੱਕੜ (74) ਸੰਖੇਪ ਬਿਮਾਰੀ ਪਿੱਛੋਂ ਦੋ ਦਿਨ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ। ਸਵ: ਸੱਤਿਆਵਤੀ ਕੱਕੜ ਦੀ ਬੇਵਕਤੀ ਮੌਤ 'ਤੇ ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਜਗਦੀਸ਼ ਰਾਏ ਢੋਸੀਵਾਲ ਸਮੇਤ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸਵ: ਸੱਤਿਆਵਤੀ ਕੱਕੜ ਨਮਿੱਤ ਸਤਿਸੰਗ ਤੇ ਅੰਤਿਮ ਅਰਦਾਸ 19 ਅਗਸਤ ਨੂੰ ਦੁਪਹਿਰ ਦੇ 12:00 ਤੋਂ 1:00 ਵਜੇ ਤੱਕ ਸਥਾਨਕ ਮਲੋਟ ਰੋਡ ਸਥਿਤ ਚਹਿਲ ਪੈਲੇਸ ਵਿਖੇ ਹੋਵੇਗੀ।

ਸੜਕ ਹਾਦਸੇ 'ਚ ਮੌਤ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਖੰਨਾ-ਸਰਹਿੰਦ ਜੀ. ਟੀ. ਰੋਡ 'ਤੇ ਵਾਪਰੇ ਸੜਕ ਹਾਦਸੇ 'ਚ ਇੱਕ ਅਣਪਛਾਤੇ ਵਿਅਕਤੀ ਦੀ ਮੌਤ ਹੋ ਗਈ। ਮਾਮਲੇ ਦੀ ਜਾਂਚ ਕਰ ਰਹੇ ਥਾਣਾ ਸਰਹਿੰਦ ਦੇ ਸਹਾਇਕ ਥਾਣੇਦਾਰ ਤਿਲਕ ਰਾਜ ਨੇ ਦੱਸਿਆ ਕਿ ਜੀ. ਟੀ. ਰੋਡ 'ਤੇ ਪਿੰਡ ਹਰਬੰਸਪੁਰਾ ਨਜ਼ਦੀਕ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਖਰਾਬ ਹਾਲਤ 'ਚ ਮਿਲੀ ਹੈ, ਜਿਸ ਦੇ ਕਿਸੇ ਅਣਪਛਾਤੇ ਵਾਹਨ ਹੇਠਾਂ ਆ ਕੇ ਕੁਚਲੇ ਜਾਣ ਦਾ ਸ਼ੱਕ ਹੈ। ਉਨ੍ਹਾ ਦੱਸਿਆ ਕਿ ਮ੍ਰਿਤਕ ਦੀ ਉਮਰ 40/45 ਸਾਲ ਦੇ ਕਰੀਬ ਹੈ, ਜਿਸ ਕੋਲੋਂ ਕੱਪੜਿਆਂ ਵਾਲਾ ਇੱਕ ਬੈਗ ਵੀ ਮਿਲਿਆ ਹੈ। ਉਨ੍ਹਾ ਦੱਸਿਆ ਕਿ ਲਾਸ਼ ਨੂੰ ਪਛਾਣ ਲਈ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਦੀ ਮੋਰਚਰੀ 'ਚ ਰਖਵਾਇਆ ਗਿਆ ਹੈ।

ਬੀ ਕੇ ਯੂ ਏਕਤਾ ਡਕੌਂਦਾ ਦੀ ਮੀਟਿੰਗ

ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਬਲਾਕ ਗੁਰੂ ਹਰਸਹਾਏ ਦੀ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦੇ ਆਗੂ ਪ੍ਰਧਾਨ ਦਰਸ਼ਨ ਸਿੰਘ ਕੜਮਾ, ਜਨਰਲ ਸਕੱਤਰ ਗੁਲਜਾਰ ਸਿੰਘ, ਖਜ਼ਾਨਚੀ ਜੰਗੀਰ ਸਿੰਘ ਖਹਿਰਾ, ਸਮਸ਼ੇਰ ਸਿੰਘ, ਬਗੀਚਾ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਬਲਾਕ ਜਨਰਲ ਸਕੱਤਰ ਸੁਖਦੇਵ ਢੋਟ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਬਹੁਤ ਤਰ੍ਹਾਂ ਦੀਆਂ ਵਿਚਾਰਾਂ ਹੋਈਆਂ, ਜਿਸ 'ਚ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਸਬੰਧੀ 19 ਅਗਸਤ ਨੂੰ ਪੰਜਾਬ ਸਰਕਾਰ ਦੇ ਨਾਂਅ ਐੱਮ ਐੱਲ ਏ ਫੌਜਾ ਸਿੰਘ ਸਰਾਰੀ ਨੂੰ ਮੰਗ ਪੱਤਰ ਦਿੱਤਾ ਜਾਵੇਗਾ।

ਵਿਧਾਇਕ ਦੇ ਦਫਤਰ ਦਾ ਘਿਰਾਓ ਅੱਜ

**ਪਾਤੜਾਂ (ਨਿ

19-Aug-PAGE- 8 qxd.qxd 8/18/2023 9:55 PM Page 1

ਸਾਂਝੇ ਮੋਰਚੇ ਵੱਲੋਂ ਨਸ਼ਿਆਂ ਨੂੰ ਨੱਥ ਪਾਉਣ ਤੇ ਲੁੱਟਾਂ ਖੋਹਾਂ ਰੋਕਣ ਲਈ ਡੀ ਐਸ ਪੀ ਨੂੰ ਮੰਗ ਪੱਤਰ

ਫਿਲੌਰ (ਨਿਰਮਲ)- ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ (ਜੇ.ਪੀ.ਐਮ.ਓ) ਵਿੱਚ ਸ਼ਾਮਲ ਜਥੇਬੰਦੀਆਂ ਦਿਹਾਤੀ ਮਜ਼ਦੂਰ ਸਭਾ, ਜਮਹੂਰੀ ਕਿਸਾਨ ਸਭਾ, ਔਰਤ ਮੁਕਤੀ ਮੋਰਚਾ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ, ਅੰਬੇਡਕਰ ਸੈਨਾ ਪੰਜਾਬ, ਨਸ਼ਾ ਵਿਰੋਧੀ ਸੰਘਰਸ਼ ਕਮੇਟੀ ਫਿਲੌਰ ਤੇ ਸਿਵਲ ਹਸਪਤਾਲ ਬਚਾਓ ਸੰਘਰਸ਼ ਕਮੇਟੀ ਦੇ ਆਗੂਆਂ ਵੱਲੋਂ ਡੀ.ਐਸ.ਪੀ ਫਿਲੌਰ ਸਿਮਰਨਜੀਤ ਸਿੰਘ ਨੂੰ ਮੰਗ ਪੱਤਰ ਦਿੱਤਾ ਗਿਆ ਤੇ ਮੰਗ ਕੀਤੀ ਕਿ ਫਿਲੌਰ ਇਲਾਕੇ ਵਿੱਚ ਸਰੇਆਮ ਧੜੱਲੇ ਨਾਲ ਵਿਕ ਰਹੇ ਨਸ਼ਿਆਂ ਨੂੰ ਰੋਕਣ ਲਈ ਤੁਰੰਤ ਕਾਰਵਾਈ ਕੀਤੀ ਜਾਵੇ ਅਤੇ ਲੁੱਟਾਂ ਖੋਹਾਂ ਕਰਨ ਵਾਲੇ ਲੋਕਾਂ ਨੂੰ ਨੱਥ ਪਾਈ ਜਾਵੇ। ਇਸ ਸਮੇਂ ਵਫਦ ਦੀ ਅਗਵਾਈ ਕਾਮਰੇਡ ਕੁਲਦੀਪ ਫਿਲੌਰ, ਜਰਨੈਲ ਫਿਲੌਰ, ਪਰਸ਼ੋਤਮ ਫਿਲੌਰ, ਮਾ. ਹੰਸ ਰਾਜ ਸੰਤੋਖਪੁਰਾ, ਦੀਪਕ ਰਸੂਲਪੁਰੀ, ਸਰਪੰਚ ਸਰਵਜੀਤ ਭੱਟੀਆਂ, ਜਸਵੰਤ ਬੌਧ ਤੇ ਬੀਬੀ ਹੰਸ ਕੌਰ ਨੇ ਕੀਤੀ। ਇਸ ਸਮੇਂ ਡੀ.ਐਸ.ਪੀ ਫਿਲੌਰ ਸਿਮਰਨਜੀਤ ਸਿੰਘ ਨੇ ਵਫਦ ਨੂੰ ਭਰੋਸਾ ਦਵਾਇਆ ਕਿ ਜਲਦੀ ਹੀ ਨਸ਼ਾ ਤਸਕਰਾਂ ਅਤੇ ਲੁੱਟਾਂ ਖੋਹਾਂ ਕਰਨ ਵਾਲੇ ਸ਼ਰਾਰਤੀ ਅਨਸਰਾਂ ਵਿਰੁੱਧ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਸਮੇਂ ਵਫਦ 'ਚ ਸ਼ਾਮਲ ਆਗੂਆਂ ਨੇ ਦੱਸਿਆ ਕਿ ਫਿਲੌਰ ਇਲਾਕੇ 'ਚ ਸਰੇਆਮ ਨਸ਼ੇ ਦੀ ਵਿੱਕਰੀ ਜ਼ੋਰਾਂ 'ਤੇ ਹੈ। ਉਹਨਾਂ ਦੱਸਿਆ ਕਿ ਮੁਹੱਲਾ ਸੰਤੋਖਪੁਰਾ ਵਿਖੇ ਰੋਜਾਨਾ ਸ਼ਾਮ ਨੂੰ ਬਾਹਰੋਂ ਆਏ ਨਸ਼ਾ ਖਰੀਦਣ ਤੇ ਵੇਚਣ ਵਾਲੇ ਨਸ਼ੇੜੀ ਲਾਈਨਾਂ ਦੇ ਨੇੜੇ ਪੂਰਾ ਹੜਦੁੰਗ ਮਚਾਉਂਦੇ ਹਨ ਅਤੇ ਲੋਕਾਂ ਦੀ ਜਾਨ ਮਾਲ ਦਾ ਖਤਰਾ ਬਣਿਆ ਰਹਿੰਦਾ ਹੈ। ਇਲਾਕੇ ਦੇ ਲੋਕ ਆਪਣੇ ਆਪ ਨੂੰ ਸੁਰੱਖਿਆ ਮਹਿਸੂਸ ਨਹੀਂ ਕਰ ਰਹੇ, ਰੋਜਾਨਾ ਚੋਰੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਲੋਕਾਂ ਦੇ ਬਾਹਰ ਖੜ੍ਹੇ ਵਾਹਨ ਤੱਕ ਵੀ ਸੁਰੱਖਿਅਤ ਨਹੀਂ ਹਨ, ਮੋਟਰਸਾਈਕਲਾਂ ਵਿੱਚੋਂ ਪੈਟਰੋਲ ਤੱਕ ਵੀ ਕੱਢ ਲਿਆ ਜਾਂਦਾ ਹੈ, ਖਾਸ ਕਰ ਔਰਤਾਂ ਦਾ ਬਹਰ ਨਿਕਲਣਾ ਵੀ ਮੁਹਾਲ ਹੋਇਆ ਪਿਆ ਹੈ। ਆਗੂਆਂ ਕਿਹਾ ਕਿ ਅਗਰ ਕੋਈ ਕਾਰਵਾਈ ਨਾ ਹੋਈ ਤਾਂ ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਆਮ ਲੋਕਾਂ ਨੂੰ ਨਾਲ ਲੈ ਕੇ ਅੰਦੋਲਨ ਕੀਤਾ ਜਾਵੇਗਾ । ਇਸ ਸਮੇਂ ਵਫਦ ਵਿੱਚ ਡਾ. ਅਸ਼ੋਕ ਕੁਮਾਰ, ਡਾ. ਸੰਦੀਪ ਕੁਮਾਰ, ਸੁਨੀਤਾ ਫਿਲੌਰ, ਕਮਲਜੀਤ ਕੌਰ, ਕਮਲਾ ਦੇਵੀ, ਕਮਲਜੀਤ ਬੰਗੜ, ਦਵਿੰਦਰ ਕਾਕਾ, ਰਾਮ ਅਵਧ ਭਾਰਤੀ, ਜਸਵੀਰ ਕੁਮਾਰ ਸੰਧੂ, ਹਰਪ੍ਰੀਤ ਕੁਮਾਰ, ਮੁਕੇਸ਼ ਕੁਮਾਰ, ਬਾਣੀਆ ਰਾਮ, ਡਾਕਟਰ ਰਾਣਾ, ਸੰਜੀਵ ਕਾਦਰੀ ਆਦਿ ਹਾਜ਼ਰ ਸਨ।

ਐੱਸ ਏ ਐੱਸ ਨਗਰ ਸ਼ਹਿਰੀ ਖੇਤਰਾਂ 'ਚ 88 ਨਵੇਂ ਵੇਰਕਾ ਬੂਥਾਂ ਦੀ ਕਰੇਗਾ ਸ਼ੁਰੂਆਤ : ਡੀ ਸੀ ਆਸ਼ਿਕਾ ਜੈਨ

ਐਸ.ਏ.ਐਸ.ਨਗ (ਗੁਰਜੀਤ ਬਿੱਲਾ)- ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਵੱਲੋਂ ਵੇਰਕਾ ਦੇ ਮਿਆਰੀ ਉਤਪਾਦਾਂ ਨੂੰ ਉਤਸ਼ਾਹਤ ਕਰਨ ਲਈ ਸ਼ਹਿਰੀ ਖੇਤਰਾਂ 'ਚ 88 ਹੋਰ ਵੇਰਕਾ ਬੂਥ ਬਣਾਏ ਜਾਣਗੇ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਇੱਥੇ ਦਿੱਤੀ। ਇਨ੍ਹਾਂ ਬੂਥਾਂ ਦੀ ਸਥਾਪਨਾ ਲਈ ਥਾਵਾਂ ਦੀ ਸ਼ਨਾਖਤ ਕਰਨ ਲਈ ਸਮੀਖਿਆ ਮੀਟਿੰਗ ਕਰਦਿਆਂ ਉਨ੍ਹਾਂ ਮੀਟਿੰਗ ਵਿੱਚ ਹਾਜ਼ਰ ਸ਼ਹਿਰੀ ਲੋਕਲ ਬਾਡੀਜ਼, ਗਮਾਡਾ, ਜ਼ਿਲ੍ਹਾ ਪੁਲਸ, ਜੰਗਲਾਤ ਅਤੇ ਪੀ ਐਸ ਪੀ ਸੀ ਐਲ ਦੇ ਅਧਿਕਾਰੀਆਂ ਨੂੰ ਇੱਕ ਹਫਤੇ 'ਚ ਸੂਚੀਆਂ ਭੇਜਣ ਦੇ ਨਿਰਦੇਸ਼ ਦਿੱਤੇ। ਉਨ੍ਹਾ ਕਿਹਾ ਕਿ ਇਸ ਪ੍ਰੋਜੈਕਟ ਦਾ ਉਦੇਸ਼ ਸਥਾਨਕ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਦੇ ਨਾਲ-ਨਾਲ ਲੋਕਾਂ ਨੂੰ ਮਿਆਰੀ ਉਤਪਾਦ ਉਪਲਬਧ ਕਰਵਾਉਣਾ ਹੈ। ਜੈਨ ਨੇ ਕਿਹਾ ਕਿ ਵੇਰਕਾ ਬੂਥਾਂ ਦੀ ਸਥਾਪਨਾ ਦਾ ਸੰਕਲਪ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਹੈ ਜੋ ਸੂਬੇ ਦੀ ਸਹਿਕਾਰਤਾ ਲਹਿਰ ਨੂੰ ਉਤਸ਼ਾਹਤ ਕਰਨਾ ਚਾਹੁੰਦੇ ਹਨ ਤਾਂ ਜੋ ਆਮ ਲੋਕਾਂ ਦੀ ਪਹੁੰਚ ਵਿੱਚ ਲਿਆ ਕੇ ਸਿਹਤਮੰਦ ਉਤਪਾਦ ਮੁਹੱਈਆ ਕਰਵਾ ਕੇ ਇਨ੍ਹਾਂ ਨੂੰ ਵਧੇਰੇ ਲਾਭਦਾਇਕ ਬਣਾਇਆ ਜਾ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ 88 ਬੂਥਾਂ ਵਿੱਚੋਂ 40 ਗਮਾਡਾ ਦੀਆਂ ਥਾਵਾਂ 'ਤੇ, 44 ਸ਼ਹਿਰੀ ਲੋਕਲ ਬਾਡੀਜ਼ ਦੀਆਂ ਥਾਵਾਂ 'ਤੇ ਅਤੇ ਦੋ ਪੁਲਸ ਸਟੇਸ਼ਨਾਂ 'ਤੇ ਅਲਾਟ ਕੀਤੇ ਜਾਣਗੇ।

ਇਸੇ ਤਰ੍ਹਾਂ ਇਸ ਮਕਸਦ ਲਈ ਜੰਗਲਾਤ ਅਤੇ ਪੀ ਐਸ ਪੀ ਸੀ ਐਲ ਵਿਭਾਗਾਂ ਦੀ ਥਾਂ ਇਕ-ਇਕ ਜਗ੍ਹਾ ਨਿਰਧਾਰਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਨ੍ਹਾਂ ਥਾਵਾਂ ਲਈ ਮਾਮੂਲੀ ਕਿਰਾਇਆ ਨਿਰਧਾਰਤ ਕੀਤਾ ਜਾਵੇਗਾ ਤਾਂ ਜੋ ਬੂਥ ਅਪਰੇਟਰ ਆਪਣੇ ਕਾਰੋਬਾਰ ਨੂੰ ਸੁਚਾਰੂ ਢੰਗ ਨਾਲ ਚਲਾ ਸਕਣ।

ਚੀਫ ਜਸਟਿਸ ਵੱਲੋਂ ਪੰਜਾਬ ਦੇ 'ਲੀਗਲ ਏਡ ਡਿਫੈਂਸ ਕਾਊਂਸਲ ਸਿਸਟਮ' ਦਫਤਰਾਂ ਦਾ ਵਰਚੁਅਲ ਉਦਘਾਟਨ

ਚੰਡੀਗੜ੍ਹ, (ਗੁਰਜੀਤ ਬਿੱਲਾ)-ਚੀਫ ਜਸਟਿਸ ਮਾਣਯੋਗ ਰਵੀ ਸ਼ੰਕਰ ਝਾਅ ਵੱਲੋਂ ਪੰਜਾਬ ਦੇ 14 ਜ਼ਿਲ੍ਹਿਆਂ ਵਿੱਚ "ਲੀਗਲ ਏਡ ਡਿਫੈਂਸ ਕਾਊਂਸਲ ਸਿਸਟਮ" ਦੇ ਦਫਤਰਾਂ ਦਾ ਵਰਚੁਅਲ ਉਦਘਾਟਨ ਕੀਤਾ ਗਿਆ। ਮੈਂਬਰ ਸਕੱਤਰ ਜੀ ਵੱਲੋਂ ਦੱਸਿਆ ਗਿਆ ਕਿ ਲੀਗਲ ਏਡ ਡਲਿਵਰੀ ਸਿਸਟਮ ਨੂੰ ਵਧੇਰੇ ਪ੍ਰਭਾਵੀ ਅਤੇ ਨਤੀਜਾ-ਮੁਖੀ ਬਣਾਉਣ ਲਈ, ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ (ਨਾਲਸਾ) ਨੇ ਲੀਗਲ ਏਡ ਡਿਫੈਂਸ ਕਾਊਂਸਲ ਸਿਸਟਮ ਦਾ ਸੰਕਲਪ ਲਿਆ ਹੈ ਜੋ ਕਿ ਜਨਤਕ ਡਿਫੈਂਡਰ ਸਿਸਟਮ ਦੀ ਤਰਜ 'ਤੇ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਪੈਟਰਨ-ਇਨ-ਚੀਫ ਮਾਣਯੋਗ ਜਸਟਿਸ ਰਵੀ ਸ਼ੰਕਰ ਝਾਅ ਨੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ, ਮਾਨਯੋਗ ਜਸਟਿਸ ਅਰੁਣ ਪੱਲੀ ਅਤੇ ਮਾਨਯੋਗ ਜਸਟਿਸ ਸ੍ਰੀਮਤੀ ਹਰਪ੍ਰੀਤ ਕੌਰ ਜੀਵਨ ਦੀ ਹਾਜਰੀ ਵਿੱਚ ਪੰਜਾਬ ਦੇ 14 ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀਆਂ ਅੰਮ੍ਰਿਤਸਰ, ਬਰਨਾਲਾ, ਫਰੀਦਕੋਟ, ਫਿਰੋਜ਼ਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਮੋਗਾ, ਪਠਾਨਕੋਟ, ਪਟਿਆਲਾ, ਰੂਪਨਗਰ, ਸ੍ਰੀ ਮੁਕਤਸਰ ਸਾਹਿਬ ਅਤੇ ਤਰਨ ਤਾਰਨ ਵਿੱਚ "ਲੀਗਲ ਏਡ ਡਿਫੈਂਸ ਕਾਊਂਸਲ ਸਿਸਟਮ" ਦਫਤਰਾਂ ਦਾ ਵਰਚੁਅਲੀ ਉਦਘਾਟਨ ਕੀਤਾ ਹੈ। ਸੰਧਾਵਾਲੀਆ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਉਹਨਾਂ ਲੋਕਾਂ ਨੂੰ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਦੀ ਹੈ ਜੋ ਕਾਨੂੰਨੀ ਸੇਵਾਵਾਂ ਅਥਾਰਟੀਜ ਐਕਟ, 1987 ਦੀ ਧਾਰਾ 12 ਵਿੱਚ ਦਰਸਾਏ ਮਾਪਦੰਡਾਂ ਅਨੁਸਾਰ ਗ੍ਰਿਫਤਾਰੀ ਤੋਂ ਪਹਿਲਾਂ, ਗ੍ਰਿਫਤਾਰੀ ਮੌਕੇ, ਰਿਮਾਂਡ ਅਤੇ ਅਪਰਾਧਿਕ ਮਾਮਲਿਆਂ ਵਿੱਚ ਕਾਨੂੰਨੀ ਸਹਾਇਤਾ ਲਈ ਯੋਗ ਹਨ। ਉਨ੍ਹਾਂ ਅੱਗੇ ਦੱਸਿਆ ਕਿ ਲੀਗਲ ਏਡ ਡਿਫੈਂਸ ਕਾਊਂਸਲ ਸਿਸਟਮ ਤਹਿਤ ਚੁਣੇ ਗਏ ਵਕੀਲ ਆਪਣੀ ਨਿੱਜੀ ਪ੍ਰੈਕਟਿਸ ਨਹੀਂ ਕਰ ਸਕਦੇ ਅਤੇ ਉਹ ਸਮਾਜ ਦੇ ਕਮਜੋਰ ਅਤੇ ਪੱਛੜੇ ਵਰਗਾਂ ਨੂੰ ਸਮੇਂ ਸਿਰ ਅਤੇ ਸਹੀ ਸਲਾਹ ਲਈ ਜ਼ਿੰਮੇਵਾਰ ਅਤੇ ਜਵਾਬਦੇਹ ਹੋਣਗੇ। ਇਸ ਮੌਕੇ ਰਮੇਸ਼ ਚੰਦਰ ਡਿਮਰੀ, ਰਜਿਸਟਰਾਰ ਜਨਰਲ, ਕਮਲਜੀਤ ਲਾਂਬਾ, ਰਜਿਸਟਰਾਰ ਵਿਜੀਲੈਂਸ, ਮਨਜਿੰਦਰ ਸਿੰਘ, ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਸ੍ਰੀਮਤੀ ਸਮ੍ਰਿਤੀ ਧੀਰ, ਵਧੀਕ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ.ਨਗਰ ਵੀ ਹਾਜਰ ਸਨ।

ਕਿਸਾਨਾਂ ਵੱਲੋਂ ਜਿੰਪਾ ਦੇ ਘਰ ਅੱਗੇ ਧਰਨਾ ਅੱਜ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਹਰਬੰਸ ਸਿੰਘ ਸੰਘਾ ਜਨਰਲ ਸਕੱਤਰ ਕਿਸਾਨ ਕਮੇਟੀ ਦੋਆਬਾ ਨੇ ਬਿਆਨ ਜਾਰੀ ਕਰ ਕੇ ਦਸਿਆ ਕਿ 19 ਅਗਸਤ ਨੂੰ ਆਪ ਅਤੇ ਬੀ.ਜੇ.ਪੀ ਦੇ ਸਾਰੇ ਐਮ.ਐਲ.ਏਜ਼ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਪੰਜਾਬ ਯੂਨਿਟ ਵਲੋਂ ਚਿਤਾਵਨੀ ਪੱਤਰ ਦਿੱਤੇ ਜਾ ਰਹੇ ਹਨ। ਇਹ ਚਿਤਾਵਨੀ ਪੱਤਰ ਕੇਂਦਰ ਅਤੇ ਰਾਜ ਸਰਕਾਰ ਵਲੋਂ ਹੜ੍ਹ ਪੀੜਤ ਕਿਸਾਨਾਂ ਅਤੇ ਲੋਕਾਂ ਦੀ ਕੋਈ ਸਾਰ ਨਾ ਲੈਣ ਕਾਰਨ ਅਤੇ ਨਾ ਹੀ ਅਜੇ ਤੱਕ ਕਿਸੇ ਕਿਸਮ ਦਾ ਮੁਆਵਜਾ ਦੇਣ ਕਾਰਨ ਦਿੱਤੇ ਜਾ ਰਹੇ ਹਨ। ਸਰਕਾਰ ਵਲੋਂ ਟਾਲਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ । ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਦੇ ਘਰ ਅਗੇ 19 ਅਗਸਤ ਨੂੰ ਸਵੇਰੇ 11.00 ਤੋਂ 4.00 ਵਜੇ ਤਕ ਧਰਨਾ ਦਿੱਤਾ ਜਾਵੇਗਾ । ਉਸ ਉਪਰੰਤ ਉਹਨਾਂ ਨੂੰ ਚਿਤਾਵਨੀ ਪੱਤਰ ਦਿੱਤਾ ਜਾਵੇਗਾ ।

ਵਿਧਾਇਕ ਨਛੱਤਰ ਪਾਲ ਨੇ ਲਿਆ ਮਿਰਜ਼ਾਪੁਰ ਬੰਨ੍ਹ ਦਾ ਜਾਇਜ਼ਾ

ਨਵਾਂਸ਼ਹਿਰ (ਕੁਲਵਿੰਦਰਜੀਤ ਸਿੰਘ ਦੁਰਗਾਪੁਰੀਆ) ਹਲਕਾ ਵਿਧਾਇਕ ਡਾਕਟਰ ਨਛੱਤਰ ਪਾਲ , ਕਿਸਾਨ ਆਗੂ ਕੁਲਦੀਪ ਸਿੰਘ ਵਜੀਦ ਪੁਰ, ਰਾਜੀਵ ਵਰਮਾ, ਨਹਿਰੀ ਵਿਭਾਗ ਨਵਾਂਸ਼ਹਿਰ ਨੇ ਮਿਰਜ਼ਾਪੁਰ ਬੰਨ੍ਹ ਦਾ ਜਾਇਜਾ ਲਿਆ, ਜਿਥੇ ਕਿ ਪਿੰਡ ਵਾਸੀਆਂ ਵੱਲੋ ਸੇਫਟੀ ਲਈ ਬੰਨ੍ਹ ਉਤੇ ਜੋਰਾਂ ਸ਼ੋਰਾਂ ਨਾਲ ਕੰਮ ਜਾਰੀ ਸੀ। ਉਹਨਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਨੇ ਪਿੰਡ ਮਿਰਜਾਪੁਰ ਦਾ ਦੌਰਾ ਕੀਤਾ ਅਤੇ ਸਤਲੁਜ ਦਰਿਆ ਵਿੱਚ ਵਧੇ ਪਾਣੀ ਦੇ ਜਲ ਪੱਧਰ ਸਬੰਧੀ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਕਿਹਾ ਕਿ ਭਾਖੜਾ ਡੈਮ ਤੋਂ ਪਾਣੀ ਛੱਡਣ ਕਾਰਨ ਸਤਲੁਜ ਦਰਿਆ ਦਾ ਪਾਣੀ ਦਾ ਪੱਧਰ ਥੋੜਾ ਜਿਹਾ ਵਧਿਆ ਹੈ। ਫਿਰ ਵੀ ਕਿਸੇ ਤਰ੍ਹਾਂ ਦੀ ਖਤਰੇ ਦੀ ਕੋਈ ਗੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਬਿਨ੍ਹਾਂ ਕਿਸੇ ਅੜਚਣ ਦੇ ਦਰਿਆ ਦੇ ਵਿਚੋਂ ਲਗਾਤਾਰ ਪਾਣੀ ਦੀ ਨਿਕਾਸੀ ਹੋ ਰਹੀ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਦਰਿਆ ਦੇ ਨਾਲ ਲੱਗਦੇ ਪਿੰਡ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਦਰਿਆ ਦੇ ਵਿੱਚ ਕਿਸੇ ਤਰ੍ਹਾਂ ਦੇ ਪਾਲਤੂ ਪਸ਼ੂ ਨਾ ਲੈ ਕੇ ਜਾਣ, ਤਾਂ ਜੋ ਅਚਾਨਕ ਪਾਣੀ ਦਾ ਪੱਧਰ ਵਧਣ 'ਤੇ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਨਾ ਹੋਵੇ। ਉਨ੍ਹਾਂ ਕਿਹਾ ਕਿ ਫਿਲਹਾਲ ਸਥਿਤੀ ਪੂਰੀ ਤਰ੍ਹਾਂ ਅੰਡਰ ਕੰਟਰੋਲ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਜਾਫਰਪੁਰ, ਰਾਕੇਸ਼ ਕੁਮਾਰ ਹਾਜਰ ਸਨ।

ਅਜ਼ਾਦੀ ਘੁਲਾਟੀਏ ਪ੍ਰੇਮ ਸਾਗਰ ਦਾ ਸਨਮਾਨ

ਜਲੰਧਰ, (ਸੁਰਿੰਦਰ ਕੁਮਾਰ) ਆਜ਼ਾਦੀ ਘੁਲਾਟੀਏ ਪ੍ਰੇਮ ਸਾਗਰ (99) ਦਾ ਸਨਮਾਨ ਕੀਤਾ ਗਿਆ। ਉਹ ਰਾਸ਼ਟਰਪਿਤਾ ਮਹਾਤਮਾ ਗਾਂਧੀ ਵੱਲੋਂ ਅਗਸਤ 1942 ਵਿੱਚ ਬ੍ਰਿਟਿਸ਼ ਸਾਸ਼ਨ ਵਿਰੁੱਧ ਵਿੱਢੇ ਗਏ ਭਾਰਤ ਛੱਡੋ ਅੰਦੋਲਨ ਦੇ ਸਰਗਰਮ ਮੈਂਬਰ ਸਨ। ਸਾਗਰ ਵੱਲੋਂ ਲਾਹੌਰ ਸੈਂਟਰਲ ਜੇਲ੍ਹ ਵਿੱਚ ਸੱਤ ਮਹੀਨੇ ਦੀ ਸਜਾ ਵੀ ਕੱਟੀ ਗਈ । ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਮੁੱਚਾ ਦੇਸ਼ ਆਜਾਦੀ ਘੁਲਾਟੀਏ ਪ੍ਰੇਮ ਸਾਗਰ ਦਾ ਹਮੇਸ਼ਾ ਰਿਣੀ ਰਹੇਗਾ, ਜਿਨ੍ਹਾਂ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਲਈ ਕਈ ਮੁਸ਼ਕਲਾਂ ਦਾ ਸਾਹਮਣਾ ਕੀਤਾ। ਉਨ੍ਹਾਂ ਸ੍ਰੀ ਪ੍ਰੇਮ ਸਾਗਰ ਦਾ ਹਾਲ-ਚਾਲ ਵੀ ਪੁੱਛਿਆ।

9 ਉਮੀਦਵਾਰਾਂ ਦੀ ਰੋਜ਼ਗਾਰ ਲਈ ਚੋਣ, 21 ਸ਼ਾਰਟਲਿਸਟ

ਜਲੰਧਰ, (ਸੁਰਿੰਦਰ ਕੁਮਾਰ)- ਨੌਜਵਾਨਾਂ ਨੂੰ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.) ਵੱਲੋਂ ਵੀਰਵਾਰ ਨੂੰ ਆਪਣੇ ਦਫਤਰ ਵਿਖੇ ਪਲੇਸਮੈਂਟ ਕੈਂਪ ਲਗਾਇਆ ਗਿਆ, ਜਿਸ ਵਿੱਚ 9 ਉਮੀਦਵਾਰਾਂ ਦੀ ਰੋਜ਼ਗਾਰ ਲਈ ਚੋਣ ਕੀਤੀ ਗਈ ਅਤੇ 21 ਉਮੀਦਵਾਰਾਂ ਨੂੰ ਸ਼ਾਰਟਲਿਸਟ ਕੀਤਾ ਗਿਆ। ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਣਜੀਤ ਕੌਰ ਨੇ ਦੱਸਿਆ ਕਿ ਪਲੇਸਮੈਂਟ ਕੈਂਪ ਵਿੱਚ ਐਕਸਿਸ ਬੈਂਕ, ਫਲਿੱਪ ਕਾਰਟ, ਭਾਰਤੀ ਏਅਰਟੈੱਲ ਅਤੇ ਡੋਰਿਕ ਮਲਟੀਮੀਡੀਆ ਕੰਪਨੀਆਂ ਵੱਲੋਂ ਸ਼ਿਰਕਤ ਕੀਤੀ ਗਈ ਅਤੇ 55 ਉਮੀਦਵਾਰਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 9 ਉਮੀਦਵਾਰਾਂ ਦੀ ਰੋਜ਼ਗਾਰ ਲਈ ਚੋਣ ਕੀਤੀ ਗਈ ਅਤੇ 21 ਉਮੀਦਵਾਰ ਸ਼ਾਰਟਲਿਸਟ ਕੀਤੇ ਗਏ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਵਿੱਚ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ।

ਸੀ ਐਚ ਸੀ ਵਿਖੇ ਬੱਚਿਆਂ ਦਾ ਕੀਤਾ ਟੀਕਾਕਰਨ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ) ਕਮਿਊਨਿਟੀ ਹੈਲਥ ਸੈਂਟਰ ਸ੍ਰੀ ਚਮਕੌਰ ਸਾਹਿਬ ਵਿਖੇ ਡਾ. ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ

19-Aug-PAGE- 9 qxd.qxd 8/18/2023 9:54 PM Page 1

ਕਤਲ ਕੇਸ 'ਚ 4 ਸਾਲ ਤੋਂ ਭਗੌੜੇ 2 ਵਿਅਕਤੀ 1 ਪਿਸਟਲ ਤੇ 2 ਰੌਂਦਾਂ ਸਮੇਤ ਕਾਬੂ

ਫਿਲੌਰ (ਨਿਰਮਲ)- ਡੀ.ਐਸ.ਪੀ ਫਿਲੌਰ ਸਿਮਰਨਜੀਤ ਸਿੰਘ ਲੰਗ ਦੀ ਅਗਵਾਈ ਹੇਠ ਸਪੈਸ਼ਲ ਆਪ੍ਰੇਸ਼ਨ ਦੌਰਾਨ ਮੁੱਖ ਅਫ਼ਸਰ ਥਾਣਾ ਫਿਲੌਰ ਦੀ ਟੀਮ ਨੇ ਕਤਲ ਕੇਸ 'ਚ 2 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਪਾਸੋਂ 1 ਪਿਸਟਲ 315 ਬੋਰ ਅਤੇ 2 ਰੌਂਦ ਜ਼ਿੰਦਾ ਬਰਾਮਦ ਕਰਨ 'ਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਡੀ.ਐਸ.ਪੀ ਨੇ ਦੱਸਿਆ ਕਿ ਥਾਣਾ ਮੁਖੀ ਫਿਲੌਰ ਇੰਸਪੈਕਟਰ ਹਰਜਿੰਦਰ ਸਿੰਘ ਦੀ ਟੀਮ ਨੇ 4 ਸਾਲ ਤੋਂ ਭਗੌੜੇ ਚੱਲੇ ਆ ਰਹੇ ਪਰਮਿੰਦਰ ਭਾਟੀਆ ਉਰਫ਼ ਪਿੰਦਰੀ ਪੁੱਤਰ ਦਿਲਬਾਰਾ ਸਿੰਘ ਵਾਸੀ ਪਿੰਡ ਪਲਾਹੀ ਫਗਵਾੜਾ ਜ਼ਿਲ੍ਹਾ ਕਪੂਰਥਲਾ ਅਤੇ ਗੁਰਪਾਲ ਸਿੰਘ ਉਰਫ਼ ਗੁਰਪਾਲ ਪੁੱਤਰ ਅਮਰਜੀਤ ਸਿੰਘ ਵਾਸੀ ਢੱਟਾਂ ਥਾਣਾ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਗ੍ਰਿਫ਼ਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ। 20 ਫਰਬਰੀ 2020 ਨੂੰ ਸਤਪਾਲ ਪੁੱਤਰ ਬੰਗੂ ਰਾਮ ਵਾਸੀ ਹਰੀਪੁਰ ਖਾਲਸਾ ਥਾਣਾ ਫਿਲੌਰ ਦਿਹਾਤੀ ਦੇ ਬਿਆਨ 'ਤੇ ਉਕਤ ਮੁਕੱਦਮਾ ਦਰਜ ਕੀਤਾ ਗਿਆ ਸੀ ਕਿ ਉਸ ਦੇ ਭਰਾ ਹਰਦੇਵ ਰਾਮ ਜਿਸ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦੀ ਭਾਬੀ ਸੁਨੀਤਾ ਰਾਣੀ ਉਸ ਦੇ ਭਰਾ ਦੀ ਮੌਤ ਤੋਂ ਬਾਅਦ ਮਾਨਸਕ ਤੌਰ 'ਤੇ ਬਿਮਾਰ ਰਹਿੰਦੀ ਸੀ ਅਤੇ ਉਨ੍ਹਾਂ ਦਾ ਇਕਲੌਤਾ ਪੁੱਤਰ ਰਾਮ ਪਾਲ ਉਰਫ਼ ਸੁਨੀਲ ਕੁਮਾਰ ਉਰਫ਼ ਸ਼ੀਲਾ ਨਾਲ ਨਜਾਇਜ਼ ਸੰਬੰਧ ਹਨ ਅਤੇ ਉਸ ਨੇ ਮੇਰੀ ਘਰਵਾਲੀ ਦੀ ਅਸ਼ਲੀਲ ਵੀਡੀਓ ਬਣਾਈ ਹੈ ਅਤੇ ਹੁਣ ਉਹ ਵੀਡੀਓ ਦਾ ਸਹਾਰਾ ਲੈ ਕੇ ਮੇਰੀ ਘਰਵਾਲੀ ਨੂੰ ਕਰਦਾ ਸੀ ਜਿਸ ਨੂੰ ਵਕਤ ਕਰੀਬ 07:30/08:00 ਵਜੇ ਸ਼ਾਮ ਕਿਸੇ ਨਾ ਮਲੂਮ ਵਿਅਕਤੀਆਂ ਵੱਲੋਂ ਸਲੂਨ ਦੇ ਬਾਹਰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਮੁਢਲੀ ਪੁੱਛਗਿੱਛ ਦੌਰਾਨ ਪਰਮਿੰਦਰ ਸਿੰਘ ਪਿੰਦਰੀ ਨੇ ਦੱਸਿਆ ਕਿ ਉਸ ਦੀ 2019 'ਚ ਸ੍ਰੀ ਆਨੰਦਪੁਰ ਸਾਹਿਬ ਹੋਲੇ ਮੁਹੱਲੇ ਦੇ ਤਿਉਹਾਰ 'ਤੇ ਗੁਰਪਾਲ ਸਿੰਘ ਨਾਲ ਦੋਸਤੀ ਹੋ ਗਈ ਸੀ ਅਤੇ ਉਹ ਕਾਫੀ ਸਮੇਂ ਮਾਹਿਲਪੁਰ ਵਿਖੇ ਇਕ ਦੂਜੇ ਦੇ ਨਾਲ ਰਹੇ ਸੀ। ਜੋ ਇਸੇ ਦੌਰਾਨ ਪਰਮਿੰਦਰ ਸਿੰਘ ਪਿੰਦਰੀ ਨੇ ਗੁਰਪਾਲ ਸਿੰਘ ਨੂੰ ਦੱਸਿਆ ਕਿ ਮੇਰੀ ਘਰਵਾਲੀ ਦੇ ਰਾਮ ਪਾਲ ਉਰਫ਼ ਸੁਨੀਲ ਕੁਮਾਰ ਉਰਫ ਸ਼ੀਲਾ ਨਾਲ ਨਜਾਇਜ਼ ਸੰਬੰਧ ਹਨ ਅਤੇ ਉਸ ਨੇ ਮੇਰੀ ਘਰਵਾਲੀ ਦੀ ਅਸ਼ਲੀਲ ਵੀਡੀਓ ਬਣਾਈ ਹੈ ਅਤੇ ਹੁਣ ਉਹ ਵੀਡੀਓ ਦਾ ਸਹਾਰਾ ਲੈ ਕੇ ਮੇਰੀ ਘਰਵਾਲੀ ਨੂੰ ਬਲੈਕਮੇਲ ਕਰਦਾ ਹੈ। ਜਿਸ ਕਾਰਨ ਉਸ ਦਾ ਕਤਲ ਕਰਨਾ ਹੈ ਜਿਸ 'ਤੇ ਪਰਮਿੰਦਰ ਸਿੰਘ ਪਿੰਦਰੀ ਅਤੇ ਗੁਰਪਾਲ ਸਿੰਘ ਉਰਫ ਪਾਲਾ ਮਿੱਥੀ ਯੋਜਨਾ ਤਹਿਤ ਯੂ.ਪੀ ਗਏ ਅਤੇ ਉੱਥੇ ਇਨ੍ਹਾਂ ਨੇ ਨਾ ਮਾਲੂਮ ਵਿਅਕਤੀ ਪਾਸੋਂ 12000 ਰੁਪਏ ਦੇ ਹਿਸਾਬ ਨਾਲ 2 ਪਿਸਟਲ ਦੇਸੀ ਅਤੇ 8 ਰੌਂਦ ਜ਼ਿੰਦਾ ਖਰੀਦ ਕਰਕੇ ਲਿਆਏ। ਇਨਾਂ ਵੱਲੋਂ ਵਾਰਦਾਤ ਤੋਂ 23 ਦਿਨ ਪਹਿਲਾਂ ਰਾਮ ਪਾਲ ਉਰਫ ਸੁਨੀਲ ਕੁਮਾਰ ਉਰਫ ਸ਼ੀਲਾ ਦੀ ਦੁਕਾਨ ਦੀ ਰੈਕੀ ਕੀਤੀ ਗਈ ਅਤੇ ਮਿਤੀ 21.12.2020 ਨੂੰ ਪਰਮਿੰਦਰ ਸਿੰਘ ਪਿੰਦਰੀ ਅਤੇ ਗੁਰਪਾਲ ਸਿੰਘ ਦੋਨੋਂ ਮੋਟਰਸਾਈਕਲ 'ਤੇ ਰਾਮ ਪਾਲ ਦੀ ਦੁਕਾਨ ਦੇ ਬਾਹਰ ਆਏ ਅਤੇ ਪਰਮਿੰਦਰ ਸਿੰਘ ਪਿੰਦਰੀ ਨੇ ਤਿੰਨ ਫਾਇਰ ਰਾਮ ਪਾਲ 'ਤੇ ਕੀਤੇ ਅਤੇ ਗੁਰਪਾਲ ਸਿੰਘ ਨੇ ਵੀ ਦੋ ਫਾਇਰ ਕੀਤੇ ਅਤੇ ਇਹ ਕਤਲ ਕਰਕੇ ਮਾਹਿਲਪੁਰ ਸਾਈਡ ਨੂੰ ਫਰਾਰ ਹੋ ਗਏ ਅਤੇ ਜਾਂਦੇ ਸਮੇਂ ਗੁਰਪਾਲ ਪਾਲਾ ਨੇ ਆਪਣਾ ਪਿਸਤੌਲ ਗੰਦੇ ਨਾਲੇ 'ਚ ਸੁੱਟ ਦਿੱਤਾ ਅਤੇ ਪਰਮਿੰਦਰ ਸਿੰਘ ਨੇ ਆਪਣਾ ਪਿਸਤੌਲ ਆਪਣੇ ਪਾਸ ਰੱਖ ਲਿਆ ਸੀ। ਪਰਮਿੰਦਰ ਸਿੰਘ ਦੀ ਨਿਸ਼ਾਨਦੇਹੀ 'ਤੇ ਇੱਕ ਪਿਸਤੌਲ ਦੇਸੀ 315 ਬੋਰ ਸਮੇਤ 2 ਰੌਂਦ ਜ਼ਿੰਦਾ ਬਰਾਮਦ ਕਰ ਲਏ ਗਏ ਹਨ। ਦੋਨੋਂ ਆਰੋਪੀਆਂ ਪਰਮਿੰਦਰ ਸਿੰਘ ਪਿੰਦਰੀ ਅਤੇ ਗੁਰਪਾਲ ਸਿੰਘ ਉਰਫ਼ ਗੁਰਪਾਲ ਦਾ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

ਲੁਠੇੜੀ ਵਿਖੇ ਸਕੂਲਾਂ ਦੇ ਜ਼ੋਨਲ ਖੇਡ ਮੁਕਾਬਲੇ 23 ਤੋਂ

ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੋਬੀ)—ਜੋਨਲ ਸਕੂਲ ਖੇਡਾਂ ਦੀ ਯੋਜਨਾਬੰਦੀ ਹਿਤ ਜੋਨ ਮੋਰਿੰਡਾ ਦੇ ਸਰੀਰਕ ਸਿੱਖਿਆ ਅਧਿਆਪਕਾਂ ਦੀ ਅਹਿਮ ਮੀਟਿੰਗ ਜੋਨ ਪ੍ਰਧਾਨ ਪ੍ਰਿੰਸੀਪਲ ਸ੍ਰੀਮਤੀ ਇੰਦਰਜੀਤ ਕੌਰ ਦੀ ਅਗਵਾਈ ਅਤੇ ਸੀਨੀਅਰ ਲੈਕਚਰਾਰ ਦਵਿੰਦਰ ਸਿੰਘ ਮਕੜੌਨਾ ਦੀ ਦੇਖਰੇਖ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੁਠੇੜੀ ਵਿਖੇ ਹੋਈ । ਜੋਨ ਸਕੱਤਰ ਸੁਰਮੁਖ ਸਿੰਘ ਨੇ ਦੱਸਿਆ ਕਿ ਜੋਨ ਮੋਰਿੰਡਾ ਦੀਆਂ ਸਕੂਲ ਖੇਡਾਂ ਲੁਠੇੜੀ ਸਕੂਲ ਦੇ ਗਰਾਊਂਡ ਵਿੱਚ 23 ਅਗਸਤ ਤੋਂ 26 ਅਗਸਤ ਤੱਕ ਕਰਵਾਈਆਂ ਜਾਣਗੀਆਂ ਅਤੇ ਪਹਿਲੇ ਦਿਨ ਕੇਵਲ ਲੜਕੀਆਂ ਦੇ ਮੁਕਾਬਲੇ ਕਰਵਾਏ ਜਾਣਗੇ। ਇਸ ਮੌਕੇ ਰਵਿੰਦਰ ਸਿੰਘ ਮੋਰਿੰਡਾ, ਹਰਪ੍ਰੀਤ ਸਿੰਘ ਲੌਰੰਗੀਆ, ਅਮਨਦੀਪ ਸਿੰਘ ਢੰਗਰਾਲੀ, ਪਰਮਜੀਤ ਸਿੰਘ ਰਤਨਗੜ੍ਹ, ਗੁਰਇੰਦਰ ਸਿੰਘ ਮਾਨ, ਗੁਰਤੇਜ ਸਿੰਘ ਤਾਜਪੁਰ , ਰਾਜਬੀਰ ਸਿੰਘ ਸਲੇਮਪੁਰ, ਰਣਜੀਤ ਕੌਰ ਦੁੱਮਣਾ, ਅੰਜੂ ਬਾਲਾ ਕਲਾਰਾਂ, ਗੁਰਮੀਤ ਕੌਰ ਸਹੇੜੀ, ਗੁਰਪਾਲ ਸਿੰਘ ਗਾਰਡਨ ਵੈਲੀ, ਕਿਰਨਜੀਤ ਕੌਰ, ਮਨਜਿੰਦਰ ਸਿੰਘ ਆਦਿ ਹਾਜਰ ਸਨ।

ਮੁੱਖ ਮੰਤਰੀ ਨੇ ਖੁਦ ਕਿਸ਼ਤੀ 'ਤੇ ਸਵਾਰ ਹੋ ਕੇ ਹੜ੍ਹ ਪ੍ਰਭਾਵਤ ਇਲਾਕਿਆਂ ਦਾ ਕੀਤਾ ਦੌਰਾ

ਹੁਸ਼ਿਆਰਪੁਰ, (ਓ ਪੀ ਰਾਣਾ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ਮੀਨੀ ਪੱਧਰ ਉਤੇ ਸਥਿਤੀ ਦਾ ਜਾਇਜ਼ਾ ਲੈਣ ਲਈ ਖੁਦ ਕਿਸ਼ਤੀ ਵਿੱਚ ਸਵਾਰ ਹੋ ਕੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ। ਐਨ.ਡੀ.ਆਰ.ਐਫ. ਦੇ ਜਵਾਨਾਂ ਨਾਲ ਕਿਸ਼ਤੀ ਵਿਚ ਸਵਾਰ ਹੋ ਕੇ ਮੁੱਖ ਮੰਤਰੀ ਪਿੰਡ ਰੜਾ ਅਤੇ ਫੱਤਾ ਕੁੱਲਾ ਗਏ ਅਤੇ ਉਸ ਤੋਂ ਬਾਅਦ ਪਿੰਡ ਹਲੇੜ ਜਨਾਰਦਨ ਦਾ ਦੌਰਾ ਕੀਤਾ। ਉਨ੍ਹਾਂ ਕਿਹਾ ਕਿ ਪ੍ਰਭਾਵਿਤ ਥਾਵਾਂ ਦੇ ਲੋਕਾਂ ਨੂੰ ਸੁਰੱਖਿਅਤ ਥਾਵਾਂ ਉਤੇ ਲਿਜਾਏ ਜਾਣ ਨੂੰ ਯਕੀਨੀ ਬਣਾਉਣ ਲਈ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਗਏ ਹਨ। ਭਗਵੰਤ ਮਾਨ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਸੂਬਾ ਸਰਕਾਰ ਲਈ ਹਰੇਕ ਨਾਗਰਿਕ ਦੀ ਜ਼ਿੰਦਗੀ ਬਹੁਤ ਅਨਮੋਲ ਹੈ ਅਤੇ ਲੋਕਾਂ ਨੂੰ ਇਸ ਔਖੀ ਘੜੀ ਵਿੱਚੋਂ ਕੱਢਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਸ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੇ ਹੈਲੀਕਾਪਟਰ ਸਮੇਤ ਸਮੁੱਚੀ ਮਸ਼ੀਨਰੀ ਲੋਕਾਂ ਦੀ ਮਦਦ ਵਿਚ ਹੈ। ਉਨ੍ਹਾਂ ਕਿਹਾ ਕਿ ਭਾਵੇਂ ਸੂਬੇ ਵਿਚ ਮੀਂਹ ਨਹੀਂ ਪਿਆ ਪਰ ਪਹਾੜੀ ਸੂਬਿਆਂ ਵਿਚ ਭਾਰੀ ਮੀਂਹ ਪੈਣ ਕਾਰਨ ਪੰਜਾਬ ਦੇ ਇਨ੍ਹਾਂ ਇਲਾਕਿਆਂ ਵਿਚ ਹੜ੍ਹ ਆਏ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਤਾਜ਼ਾ ਸਥਿਤੀ ਦਾ ਪਤਾ ਲਾਉਣ ਲਈ ਉਹ ਹਿਮਾਚਲ ਪ੍ਰਦੇਸ਼ ਸਰਕਾਰ ਅਤੇ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਨਾਲ ਲਗਾਤਾਰ ਰਾਬਤਾ ਰੱਖ ਰਹੇ ਹਨ। ਲੋਕਾਂ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਸੂਬਾ ਸਰਕਾਰ ਲੋਕਾਂ ਨੂੰ ਰਾਹਤ ਦੇਣ ਲਈ ਜੰਗੀ ਪੱਧਰ ਉਤੇ ਕੰਮ ਕਰ ਰਹੀ ਹੈ। ਇਸ ਮੌਕੇ ਮੁੱਖ ਮੰਤਰੀ ਦੇ ਨਾਲ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ, ਵਿਧਾਇਕ ਜਸਬੀਰ ਸਿੰਘ ਰਾਜਾ ਗਿੱਲ, ਕਰਮਬੀਰ ਸਿੰਘ ਘੁੰਮਣ, ਡਾ. ਰਵਜੋਤ ਸਿੰਘ ਅਤੇ ਅਮਰਪਾਲ ਸਿੰਘ, ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ, ਐਸ ਐਸ ਪੀ ਸਰਤਾਜ ਸਿੰਘ ਚਾਹਲ, ਜ਼ਿਲ੍ਹਾ ਦਿਹਾਤੀ ਪ੍ਰਧਾਨ ਗੁਰਵਿੰਦਰ ਸਿੰਘ ਪਾਬਲਾ, ਚੇਅਰਮੈਨ ਨਗਰ ਸੁਧਾਰ ਟਰੱਸਟ ਹਰਮੀਤ ਸਿੰਘ ਔਲਖ, ਚੇਅਰਮੈਨ ਹੁਸ਼ਿਆਰਪੁਰ ਕੋਆਪਰੇਟਿਵ ਬੈਂਕ ਵਿਕਰਮ ਸ਼ਰਮਾ, ਲੋਕ ਸਭਾ ਇੰਚਾਰਜ ਹਰਵਿੰਦਰ ਸਿੰਘ ਬਖਸ਼ੀ ਤੇ ਹੋਰ ਹਾਜਰ ਸਨ।

ਭਗਤ ਪੂਰਨ ਸਿੰਘ ਦੇ ਜੀਵਨ 'ਤੇ ਲੈਕਚਰ ਕਰਵਾਇਆ

ਕਰਤਾਰਪੁਰ (ਹਰਮੇਸ਼ ਦੱਤ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ ਕਰਤਾਰਪੁਰ ਵਿਖੇ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਦੀ ਅਗਵਾਈ ਹੇਠ ਧਾਰਮਿਕ ਲੈਕਚਰਾਂ ਦੀ ਲੜੀ ਤਹਿਤ ਭਗਤ ਪੂਰਨ ਸਿੰਘ ਜੀ ਦੇ ਜੀਵਨ 'ਤੇ ਇਕ ਲੈਕਚਰ ਕਰਵਾਇਆ ਗਿਆ ਜਿਸ ਵਿੱਚ ਹਿਸਟਰੀ ਵਿਭਾਗ ਦੇ ਮੁਖੀ ਡਾ. ਕਮਲਜੀਤ ਸਿੰਘ ਨੇ ਭਗਤ ਪੂਰਨ ਸਿੰਘ ਜੀ ਦੇ ਜੀਵਨ ਤੇ ਉਹਨਾਂ ਦੀਆਂ ਮਨੁੱਖਤਾ ਲਈ ਕੀਤੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ। ਨਿਸ਼ਕਾਮ ਸੇਵਾ ਅਤੇ ਲਾਵਾਰਿਸ ਰੋਗੀਆਂ ਦੀ ਸੇਵਾ ਸੰਭਾਲ ਲਈ ਉਹਨਾਂ ਨੇ ਨੇ ਅੰਮ੍ਰਿਤਸਰ ਵਿਖੇ ਸੰਨ 1958 ਵਿੱਚ ਪਿੰਗਲਵਾੜਾ ਸੰਸਥਾ ਦੀ ਸ਼ੁਰੂਆਤ ਕੀਤੀ । ਪਿੰਗਲਵਾੜਾ ਵਿੱਚ ਬਿਮਾਰ,ਬੇਸਹਾਰਾ,ਮੰਦਬੁੱਧੀ ਬੱਚੇ,ਸਿਆਣੀ ਉਮਰ ਦੇ ਮਰਦਾਂ ਤੇ ਔਰਤਾਂ,ਚਾਹੇ ਉਹ ਕਿਸੇ ਵੀ ਕੌਮ ਜਾਂ ਜਾਤੀ ਨਾਲ ਸੰਬੰਧਿਤ ਹੋਣ ਉਹਨਾਂ ਦੀ ਬਿਨਾਂ ਭੇਦ-ਭਾਵ ਤੋਂ ਸੇਵਾ ਸੰਭਾਲ ਕੀਤੀ। ਉਹਨਾਂ ਦੱਸਿਆ ਕਿ ਅੰਮ੍ਰਿਤਸਰ ਦੁਨੀਆਂ ਦੇ ਨਕਸ਼ੇ ਤੇ ਇਸ ਲਈ ਵੀ ਵੱਖਰਾ ਹੈ ਕਿਉਂਕਿ ਇੱਥੇ ਮਹਾਨ ਭਗਤ ਪੂਰਨ ਸਿੰਘ ਪਿੰਗਲਵਾੜਾ ਹੈ,ਜੋ ਕਿ ਮਨੁੱਖਤਾ ਲਈ ਤੀਰਥ ਸਥਾਨ ਰੱਖਦਾ ਹੈ। ਇਸ ਮੌਕੇ ਡਾ. ਸੁਚੇਤਾ ਰਾਣੀ,ਪ੍ਰੋ ਕਮਲੇਸ਼ ਰਾਣੀ,ਪ੍ਰੋ ਰਾਜਬੀਰ ਸਿੰਘ,ਪ੍ਰੋ. ਰਣਜੀਤ ਸਿੰਘ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

ਗੁਰੂ ਨਾਨਕ ਮਿਸ਼ਨ ਪਬਲਿਕ ਸਕੂਲ ਢਾਹਾਂ ਕਲੇਰਾਂ ਵਿਖੇ ਮਨਾਇਆ ਤੀਆਂ ਦਾ ਤਿਉਹਾਰ

ਬਹਿਰਾਮ (ਅਵਤਾਰ ਕਲੇਰ) ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਦੇ ਵਿਹੜੇ ਵਿੱਚ "ਤੀਆਂ ਦਾ ਤਿਉਹਾਰ" ਮਨਾਇਆ ਗਿਆ । ਇਸ ਮੌਕੇ ਮੁੱਖ ਮਹਿਮਾਨ ਸ੍ਰੀਮਤੀ ਮਾਧਵੀ ਸ਼ਰਮਾ ਡੀ ਐਸ ਪੀ ਸਬ ਡਵੀਜਨ ਨਵਾਂਸ਼ਹਿਰ ਨੇ ਤੀਆਂ ਦੇ ਤਿਉਹਾਰ ਦੀਆਂ ਵਧਾਈਆਂ ਦਿੰਦੇ ਹੋਏ ਸਮੂਹ ਲੜਕੀਆਂ ਨੂੰ ਆਪਣੇ ਸਵੈਮਾਣ ਦੇ ਰਾਹ ਚੱਲਦੇ ਹੋਏ, ਪੂਰੀ ਮਿਹਨਤ ਨਾਲ ਆਪਣੀ ਪੜ੍ਹਾਈ ਕਰਨ ਅਤੇ ਭਵਿੱਖ ਦੇ ਕੈਰੀਅਰ ਵੱਲ ਵੱਧਣ ਲਈ ਉਤਸ਼ਾਹਿਤ ਕੀਤਾ । ਉਹਨਾਂ ਵਿਦਿਆਰਥੀਆਂ ਨਾਲ ਸਵਾਲਾਂ-ਜਵਾਬਾਂ ਦੀ ਸਾਂਝ ਵੀ ਪਾਈ। ਵਿਦਿਆਰਥਣਾਂ ਨੇ ਲੋਕ ਬੋਲੀਆਂ, ਗੀਤਾਂ, ਭੰਗੜਾ ਅਤੇ ਗਿੱਧੇ ਦੀਆਂ ਪੇਸ਼ਕਾਰੀਆਂ ਰਾਹੀਂ ਖੂਬ ਰੰਗ ਬੰਨ੍ਹਿਆਂ । ਇਸ ਮੌਕੇ ਮੁੱਖ ਮਹਿਮਾਨ ਡੀ ਐਸ ਪੀ ਸ੍ਰੀਮਤੀ ਮਾਧਵੀ ਸ਼ਰਮਾ ਨੂੰ ਫੁੱਲਕਾਰੀ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ । ਪ੍ਰਿੰਸੀਪਲ ਵਨੀਤਾ ਚੋਟ ਨੇ ਤਿਉਹਾਰ ਬਾਰੇ ਵਿਸਥਾਰਤ ਜਾਣਕਾਰੀ ਪ੍ਰਦਾਨ ਕੀਤੀ । ਕੁਲਵਿੰਦਰ ਸਿੰਘ ਢਾਹਾਂ ਨੇ ਸਮੂਹ ਟਰੱਸਟ ਮੈਂਬਰਾਂ ਅਤੇ ਹਰਦੇਵ ਸਿੰਘ ਕਾਹਮਾ ਵੱਲੋਂ ਤੀਆਂ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ। ਸਟੇਜ ਦਾ ਸੰਚਾਲਨ ਸੰਜਨਾ, ਹਰਸ਼ਪ੍ਰੀਤ ਕੌਰ ਅਤੇ ਰਮਨ ਕੁਮਾਰ ਅੰਗਰੇਜ਼ੀ ਅਧਿਆਪਕ ਨੇ ਸਾਂਝੇ ਤੌਰ 'ਤੇ ਕੀਤਾ । ਇਸ ਮੌਕੇ ਅਮਰਜੀਤ ਸਿੰਘ ਕਲੇਰਾਂ, ਜਗਜੀਤ ਸਿੰਘ ਸੋਢੀ, ਜਥੇਦਾਰ ਸਤਨਾਮ ਸਿੰਘ ਲਾਦੀਆਂ, ਮਹਿੰਦਰਪਾਲ ਸਿੰਘ , ਲਾਲ ਚੰਦ ਔਜਲਾ , ਰਵਿੰਦਰ ਕੌਰ ਵਾਈਸ , ਗੀਟਾ ਰਾਣੀ, ਗੌਰਵ ਜੋਸ਼ੀ, ਡਾ. ਗਗਨ ਅਹੂਜਾ, ਸੁਖਵਿੰਦਰ ਸਿੰਘ, ਜਸਪਿੰਦਰ ਕੌਰ, ਬਲਜੀਤ ਕੌਰ ਭੋਗਲ, ਪਰਮਜੀਤ ਕੌਰ, ਅੰਜਲੀ, ਪ੍ਰਭਦੀਪ ਕੌਰ, ਪਰਮਿੰਦਰ ਕੌਰ, ਸੰਦੀਪ ਕੁਮਾਰੀ, ਤਰੀਜ਼ਾ ਤੋਂ ਇਲਾਵਾ ਸਮੂਹ ਸਕੂਲ ਅਧਿਆਪਕ ਅਤੇ ਸਕੂਲ ਵਿਦਿਆਰਥੀ ਵੀ ਸ਼ਾਮਲ ਸਨ।

ਪਬਲਿਕ ਸੇਵਾ ਡੈਮੋਕ੍ਰੇਟਿਕ ਫਰੰਟ ਦੀ ਪਲੇਠੀ ਮੀਟਿੰਗ ਅੱਜ

ਫਗਵਾੜਾ (ਜਸਵਿੰਦਰ ਢੱਡਾ)- ਪਬਲਿਕ ਸੇਵਾ ਡੈਮੋਕ੍ਰੇਟਿਕ ਫਰੰਟ ਦੀ ਪਲੇਠੀ ਮੀਟਿੰਗ 19 ਅਗਸਤ ਨੂੰ ਸਵੇਰੇ 11 ਵਜੇ ਅਕਾਲੀ ਗੁਰਦੁਆਰਾ ਬੰਗਾ ਰੋਡ ਫਗਵਾੜਾ ਵਿਖੇ ਹੋਵੇਗੀ। ਵਧੇਰੇ ਜਾਣਕਾਰੀ ਦਿੰਦਿਆਂ ਪਰਮਿੰਦਰ ਸਿੰਘ ਜੰਡੂ ਨੇ ਦੱਸਿਆ ਕਿ ਮੀਟਿੰਗ ਦੌਰਾਨ ਫਰੰਟ ਦੇ ਪ੍ਰਧਾਨ ਦੀ ਚੋਣ ਕੀਤੀ ਜਾਵੇਗੀ। ਉਨ੍ਹਾਂ ਫਰੰਟ ਨਾਲ ਜੁੜ ਕੇ ਸਮਾਜ ਸੇਵਾ 'ਚ ਯੋਗਦਾਨ ਪਾਉਣ ਦੇ ਚਾਹਵਾਨ ਸਮੂਹ ਵਸਨੀਕਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਸਮੇਂ ਸਿਰ ਮੀਟਿੰਗ 'ਚ ਹਾਜ਼ਰੀ ਯਕੀਨੀ ਬਣਾਉਣ ਅਤੇ ਜਥੇਬੰਦੀ ਦੀ ਬਿਹਤਰੀ ਲਈ ਆਪਣੇ ਸੁਝਾਅ ਦੇਣ ਤਾਂ ਜੋ ਲੋਕ ਸੇਵਾ ਦੇ ਕੰਮਾਂ ਨੂੰ ਪਬਲਿਕ ਸੇਵਾ ਡੈਮੋਕ੍ਰੇਟਿਕ ਫਰੰਟ ਦੇ ਬੈਨਰ ਹੇਠ ਵਧੀਆ ਢੰਗ ਨਾਲ ਅੱਗੇ ਵਧਾਇਆ ਜਾ ਸਕੇ।

ਮਹਿਲਾ 'ਆਪ' ਆਗੂ ਤੁਲੀ ਨੇ ਸਿੱਖਿਆ ਮੰਤਰੀ ਹਰਜੋਤ ਬੈਂਸ ਨੂੰ ਦਿੱਤਾ ਮੰਗ ਪੱਤਰ

ਫਗਵਾੜਾ (ਜਸਵਿੰਦਰ ਢੱਡਾ)- ਵਾਰਡ ਨੰਬਰ 42 ਦੀ ਮਹਿਲਾ ਆਪ ਆਗੂ ਅਤੇ ਉੱਘੀ ਸਮਾਜ ਸੇਵਿਕਾ ਪ੍ਰਿਤਪਾਲ ਕੌਰ ਤੁਲੀ ਨੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬ

19-AUG-PAGE-10.qxd 8/18/2023 9:47 PM Page 1

ਤਿੰਨ ਧਿਰੀ ਗੱਠਜੋੜ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ 'ਚ ਡੋਬਣ ਲਈ ਜ਼ਿੰਮੇਵਾਰ : ਸਮਾਓਂ

■ ਧਨਾਢ ਲੀਡਰ ਮਜ਼ਦੂਰ ਲਹਿਰ ਦੇ ਰਸਤੇ 'ਚ ਰੋੜਾ

ਮਾਨਸਾ (ਆਤਮਾ ਸਿੰਘ ਪਮਾਰ)

ਰਾਜਸੀ ਨੇਤਾਵਾਂ, ਸਮੱਗਲਰਾਂ ਤੇ ਨੌਕਰਸ਼ਾਹੀ ਦੇ ਗੱਠਜੋੜ ਨੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ 'ਚ ਡੋਬ ਕੇ ਰੱਖ ਦਿੱਤਾ ਹੈ। ਅਜਿਹੇ ਗੰਭੀਰ ਦੋਸ਼ ਇਥੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਜ਼ਿਲ੍ਹਾ ਪੱਧਰੀ ਜਥੇਬੰਦਕ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾਈ ਪ੍ਰਧਾਨ ਭਗਵੰਤ ਸਿੰਘ ਸਮਾਓਂ ਨੇ ਲਾਏ। ਕਨਵੈਨਸ਼ਨ ਦੀ ਪ੍ਰਧਾਨਗੀ ਪਿਆਰਾ ਸਿੰਘ ਨੰਦਗੜ੍ਹ, ਮਿਸਤਰੀ ਹਰਪ੍ਰੀਤ ਸਿੰਘ ਸੱਦਾ ਸਿੰਘ ਵਾਲਾ, ਮਨਜੀਤ ਕੌਰ ਜੋਗਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਤੇ ਪੱਲੇਦਾਰਾਂ ਦੇ ਸਾਬਕਾ ਸੂਬਾ ਸਕੱਤਰ ਸਰਿੰਦਰਪਾਲ ਸਿੰਘ ਚਕੇਰੀਆਂ, ਗੁਲਾਬ ਸਿੰਘ ਖੀਵਾ, ਰਣਜੀਤ ਸਿੰਘ ਝੁਨੀਰ, ਜਰਨੈਲ ਸਿੰਘ ਮਾਨਸਾ, ਭੂਰਾ ਸਿੰਘ ਸਮਾਓਂ ਨੇ ਕੀਤੀ। ਇਸ ਸਮੇਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੀ 41 ਮੈਂਬਰੀ ਨਵੀਂ ਜ਼ਿਲ੍ਹਾ ਕਮੇਟੀ ਦੀ ਚੋਣ ਵੀ ਕੀਤੀ ਗਈ। ਨਵਨਿਯੁਕਤ ਕਮੇਟੀ ਵੱਲੋਂ ਸਰਬਸੰਮਤੀ ਨਾਲ ਨਿੱਕਾ ਸਿੰਘ ਬਹਾਦਰਪੁਰ ਨੂੰ ਮੁੜ ਜ਼ਿਲ੍ਹਾ ਪ੍ਰਧਾਨ, ਮਨਜੀਤ ਕੌਰ ਜੋਗਾ ਨੂੰ ਜ਼ਿਲ੍ਹਾ ਸਕੱਤਰ ਨਿਯੁਕਤ ਕੀਤਾ ਗਿਆ। ਕਨਵੈਨਸ਼ਨ ਨੂੰ ਸੰਬੋਧਨ ਕਰਦੇ ਸੂਬਾ ਪ੍ਰਧਾਨ ਭਗਵੰਤ ਸਮਾਓਂ ਨੇ ਕਿਹਾ ਕਿ ਜਾਲ੍ਹੀ ਐੱਸ ਸੀ/ਬੀ ਸੀ ਸਰਟੀਫਿਕੇਟ ਬਣਾ ਕੇ ਦਲਿਤਾਂ, ਪੱਛੜੀਆਂ ਸ਼੍ਰੇਣੀਆਂ ਦੀਆਂ ਨੌਕਰੀਆਂ ਹੜੱਪਣ ਵਾਲੇ ਰਿਜ਼ਰਵੇਸ਼ਨ ਚੋਰਾਂ ਤੇ ਨਸ਼ਾ ਤਸਕਰਾਂ ਨੂੰ ਨੱਥ ਪਾਉਣ, ਹਰ ਇੱਕ ਲਈ ਸਾਮਾਨ ਸਿੱਖਿਆ, ਰੁਜ਼ਗਾਰ ਗਰੰਟੀ ਦੀ ਪ੍ਰਾਪਤੀ, ਦਲਿਤਾਂ ਉਪਰ ਹੁੰਦੇ ਅੱਤਿਆਚਾਰਾਂ ਦੇ ਟਾਕਰੇ ਲਈ ਲਈ ਦਲਿਤਾਂ ਤੇ ਕਿਰਤੀਆਂ ਦੀ ਸਮਾਜਿਕ ਏਕਤਾ ਲਹਿਰ ਖੜੀ ਕਰਨ ਲਈ ਪੂਰੇ ਰਾਜ ਅੰਦਰ ਮੁਹਿੰਮ ਚਲਾਈ ਜਾਵੇਗੀ। ਉਨ੍ਹਾ ਕਿਹਾ ਕਿ ਸੱਤਾ ਉਪਰ ਬਦਲ, ਬਦਲ ਕੇ ਰਾਜ ਕਰਨ ਵਾਲੇ ਲੀਡਰਾਂ ਨੇ ਆਪਣੇ ਘਰ ਭਰਨ ਲਈ ਪੰਜਾਬ ਦੇ ਗਰੀਬਾਂ ਨੂੰ ਕਰਜ਼ਿਆਂ 'ਚ ਡੋਬ ਆਤਮਹੱਤਿਆ ਦੇ ਰਸਤੇ ਤੋਰ ਦਿੱਤਾ ਹੈ। ਉਨ੍ਹਾ ਕਿਹਾ ਕਿ ਸੱਤਾਧਾਰੀ ਹਾਕਮ ਪਾਰਟੀਆਂ ਸਮੇਤ ਆਪਣੇ ਆਪ ਨੂੰ ਗਰੀਬ ਪੱਖੀ ਕਹਾਉਣ ਵਾਲੀਆਂ ਪਾਰਟੀਆਂ 'ਤੇ ਕਾਬਜ਼ ਧਨਾਢ ਲੀਡਰ ਮਜ਼ਦੂਰ ਲਹਿਰ ਦੇ ਰਸਤੇ ਦਾ ਰੋੜਾ ਹਨ। ਇਸ ਲਈ ਦਲਿਤ ਤੇ ਕਿਰਤੀ ਸਮਾਜ ਧਨਾਢ ਲੀਡਰਾਂ ਦੇ ਮਗਰ ਜਾਣ ਦੀ ਥਾਂ ਆਪਣੀ ਆਜ਼ਾਦ ਸ਼ਕਤੀ ਖੜੀ ਕਰਨ ਲਈ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦਾ ਸਾਥ ਦੇਣ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਮਾਨ ਨੇ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਪੰਚਾਇਤਾਂ ਨੂੰ ਭੰਗ ਕਰਕੇ ਪੇਂਡੂ ਵਿਕਾਸ ਤੇ ਮਜ਼ਜਦੂਰ ਵਿਰੋਧੀ ਫੈਸਲਾ ਕੀਤਾ ਹੈ। ਉਨ੍ਹਾ ਕਿਹਾ ਕਿ ਭਾਵੇਂ ਮਨਰੇਗਾ ਕਾਨੂੰਨ ਦਾ ਪੰਚਾਇਤਾਂ ਨਾਲ ਨਾਲ ਕੋਈ ਸਬੰਧ ਨਹੀਂ, ਪਰ ਪੰਚਾਇਤਾਂ ਭੰਗ ਕਰਨ ਨਾਲ ਪਿੰਡਾਂ ਵਿੱਚ ਮਜ਼ਦੂਰਾਂ ਦਾ ਮਨਰੇਗਾ ਕੰਮ ਵੀ ਬੰਦ ਹੋ ਗਏ ਹਨ, ਜੋ ਮਨਰੇਗਾ ਕਾਨੂੰਨ ਦੀ ਸਰੇਆਮ ਉਲੰਘਣਾ ਹੈ। ਉਨ੍ਹਾ ਕਿਹਾ ਕਿ ਮਾਨ ਸਰਕਾਰ ਦੇ ਦਲਿਤ ਤੇ ਕਿਰਤੀ ਵਿਰੋਧੀ ਫੈਸਲਿਆਂ ਖਿਲਾਫ ਪੰਜਾਬ ਅੰਦਰ ਮਜ਼ਦੂਰ ਅੰਦੋਲਨ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਨਵੀਂ ਚੁਣੀ ਕਮੇਟੀ ਦੇ ਆਗੂ ਸੁਖਵਿੰਦਰ ਸਿੰਘ ਬੋਹਾ, ਵਿਦਿਆਰਥੀ ਆਗੂ ਪ੍ਰਦੀਪ ਗੁਰੂ, ਗੁਰਵਿੰਦਰ ਸਿੰਘ ਨੰਦਗੜ੍ਹ, ਭੋਲਾ ਸਿੰਘ ਝੱਬਰ, ਗੀਤਕਾਰ ਬੀਰਬਲ ਸਿੰਘ ਖਡਾਲ, ਪਾਲ ਸਿੰਘ ਬਹਾਦਰਪੁਰ, ਗੋਰਾ ਸਿੰਘ ਕੋਟਧਰਮੂ, ਮੇਲਾ ਸਿੰਘ ਮੋਹਰ ਸਿੰਘ ਵਾਲਾ, ਦਰਸ਼ਨ ਸਿੰਘ ਹਾਕਮਵਾਲਾ, ਜਰਨੈਲ ਸਿੰਘ ਰੱਲਾ ਨੇ ਵੀ ਕਨਵੈਸ਼ਨ ਨੂੰ ਸੰਬੋਧਨ ਕੀਤਾ।

ਦੇਸ਼ ਨੂੰ ਜਾਤ-ਪਾਤ ਤੇ ਧਰਮ ਤੋਂ ਵੀ ਅਜ਼ਾਦ ਕਰਵਾਉਣ ਦੀ ਮੁੱਖ ਲੋੜ : ਲੌਂਗੋਵਾਲ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਹਿਲਾਂ ਚੌਕ ਵੱਲੋਂ ਪ੍ਰਿੰਸੀਪਲ ਨਵਰਾਜ ਕੌਰ ਦੀ ਅਗਵਾਈ ਹੇਠ 77ਵਾਂ ਸੁਤੰਤਰਤਾ ਦਿਵਸ ਮਨਾਉਣ ਸਬੰਧੀ ਸਮਾਗਮ ਸ਼ਹੀਦ ਊਧਮ ਸਿੰਘ ਹਾਊਸ ਦੀ ਦੇਖ-ਰੇਖ ਵਿੱਚ ਕਰਵਾਇਆ ਗਿਆ। ਇਸ ਮੌਕੇ ਸਮੂਹ ਸਟਾਫ ਤੇ ਵਿਦਿਆਰਥੀਆਂ ਦੀ ਹਾਜ਼ਰੀ ਵਿੱਚ ਰਾਸ਼ਟਰੀ ਤਿਰੰਗਾ ਲਹਿਰਾ ਕੇ ਸਲਾਮੀ ਦਿੱਤੀ ਗਈ। ਮੰਚ ਸੰਚਾਲਨ ਕਰਦੇ ਹੋਏ ਮੈਡਮ ਸੁਖਵਿੰਦਰ ਕੌਰ ਮਡਾਹੜ ਨੇ ਆਜ਼ਾਦੀ ਦਿਵਸ ਦੀ ਅਹਿਮੀਅਤ ਤੇ ਚਾਨਣਾ ਪਾਇਆ। ਇਸ ਮੌਕੇ ਬੋਲਦਿਆਂ ਲੈਕਚਰਾਰ ਰਾਜੇਸ਼ ਕੁਮਾਰ ਨੇ ਕਿਹਾ ਕਿ ਸਾਨੂੰ ਇਹ ਆਜ਼ਾਦੀ ਬਹੁਤ ਸਾਰੀਆਂ ਕੁਰਬਾਨੀਆਂ ਤੋਂ ਬਾਅਦ ਨਸੀਬ ਹੋਈ ਹੈ, ਜਿਸ ਨੂੰ ਸੰਭਾਲ ਕੇ ਰੱਖਣਾ ਸਾਡਾ ਪਹਿਲਾ ਫਰਜ਼ ਹੈ। ਸਮਾਗਮ ਦੌਰਾਨ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਪਰਮਿੰਦਰ ਕੁਮਾਰ ਲੌਂਗੋਵਾਲ ਸਟੇਟ ਐਵਾਰਡੀ ਨੇ ਕਿਹਾ ਕਿ ਅੱਜ ਸਮੇਂ ਦੀ ਮੰਗ ਹੈ ਕਿ ਦੇਸ਼ ਨੂੰ ਜਾਤ-ਪਾਤ ਤੇ ਧਰਮ ਤੋਂ ਆਜ਼ਾਦ ਕਰਵਾਇਆ ਜਾਵੇ। ਇਹ ਸਾਰੇ ਸਾਨੂੰ ਮਾਨਸਿਕ ਤੌਰ 'ਤੇ ਤੰਗ ਦਿਲੀ ਵੱਲ ਲੈ ਕੇ ਜਾਂਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਮਨੀਪੁਰ ਵਰਗੀਆਂ ਘਟਨਾਵਾਂ ਤੋਂ ਦੂਰ ਰਹਿਣ ਲਈ ਕਿਹਾ। ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਜਾਤ-ਪਾਤ ਜਾਂ ਧਰਮ ਨਾਲ ਨਹੀਂ ਜੁੜਣੀਆਂ ਚਾਹੀਦੀਆਂ।

ਸਮਾਗਮ ਦੌਰਾਨ ਮੁਸਕਾਨ, ਰਜੀਆ, ਭਵਨਦੀਪ, ਸੁਮਨਦੀਪ ਕੌਰ, ਗਗਨਦੀਪ ਕੌਰ, ਕਿਰਨਪ੍ਰੀਤ ਕੌਰ ਐਂਡ ਪਾਰਟੀ, ਮਨਕੀਰਤ ਕੌਰ ਨੇ ਦੇਸ਼ ਭਗਤੀ ਦੇ ਗੀਤ, ਕਵਿਤਾਵਾਂ, ਬੋਲੀਆਂ ਪੇਸ਼ ਕੀਤੀਆਂ। ਇਸ ਦੌਰਾਨ ਬੋਲਦਿਆਂ ਮੈਡਮ ਅੰਜਨ ਅੰਜੂ ਨੇ ਵੀ ਆਜ਼ਾਦੀ ਦਿਵਸ ਸਬੰਧੀ ਵਿਚਾਰ ਸਾਂਝੇ ਕੀਤੇ। ਇਸ ਸਮਾਗਮ ਦੌਰਾਨ ਤਿਰੰਗਾ ਝੰਡਾ ਲਹਿਰਾਉਣ ਉਪਰੰਤ ਸੰਬੋਧਨ ਕਰਦੇ ਹੋਏ ਪ੍ਰਿੰਸੀਪਲ ਨਵਰਾਜ ਕੌਰ ਨੇ ਕਿਹਾ ਕਿ ਸਾਨੂੰ ਹਮੇਸ਼ਾ ਹੀ ਆਪਣੇ ਦੇਸ਼ ਦੀ ਸੇਵਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ ਤੇ ਸ਼ਹੀਦਾਂ ਨੂੰ ਯਾਦ ਰੱਖਣਾ ਚਾਹੀਦਾ ਹੈ। ਇਸ ਮੌਕੇ ਕੌਮੀ ਸੇਵਾ ਯੋਜਨਾ ਇਕਾਈ ਵੱਲੋਂ ਅਜ਼ਾਦੀ ਦਿਵਸ ਸਬੰਧੀ ਆਪਣੀਆਂ ਰਚਨਾਵਾਂ, ਗੀਤ ਪੇਸ਼ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ।

ਸਰਬੱਤ ਦਾ ਭਲਾ ਟਰੱਸਟ ਨੇ ਲੋੜਵੰਦਾਂ ਦੀ ਕੀਤੀ ਮਦਦ

ਮੱਖੂ (ਰਛਪਾਲ ਸਿੰਘ ਸੰਧੂ)-ਡਾ. ਐਸ ਪੀ ਸਿੰਘ ਓਬਰਾਏ ਦੀ ਅਗਵਾਈ ਹੇਠ ਚੱਲ ਰਹੀ ਸੰਸਥਾ ਸਰਬੱਤ ਦਾ ਭਲਾ ਟਰੱਸਟ ਵੱਲੋਂ ਗੁਰਦੁਆਰਾ ਬਾਬਾ ਕਰਮ ਚੰਦ ਬਾਠਾਂ ਵਾਲਾ 'ਚ ਅਜ਼ਾਦੀ ਦੇ ਦਿਹਾੜੇ ਮੌਕੇ ਕਰਾਏ ਗਏ ਇੱਕ ਸਮਾਗਮ ਦੌਰਾਨ ਜਿੱਥੇ ਪੰਜਾਹ ਲੋੜਵੰਦਾਂ, ਵਿਧਵਾਵਾਂ ਤੇ ਅੰਗਹੀਣ ਪਰਵਾਰਾਂ ਨੂੰ ਆਰਥਿਕ ਸਹਾਇਤਾ ਦੇ ਚੈਕ ਵੰਡੇ ਗਏ, ਉਥੇ ਕੰਪਿਊਟਰ ਕੋਰਸ ਪੂਰਾ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੀ ਦਿੱਤੇ ਗਏ। ਸਮਾਗਮ 'ਚ ਨਰੇਸ਼ ਕਟਾਰੀਆ ਵਿਧਾਇਕ ਹਲਕਾ ਜੀਰਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਫੁਰਮਾਨ ਸਿੰਘ ਸੰਧੂ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਪੰਜਾਬ ਤੇ ਹੋਰ ਪਤਵੰਤੇ ਵੀ ਮੌਜੂਦ ਸਨ। ਇਸ ਮੌਕੇ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਇਸਤਰੀ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਮੈਡਮ ਅਮਰਜੀਤ ਕੌਰ ਛਾਬੜਾ ਤੇ ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ ਨੇ ਸੰਬੋਧਨ ਕਰਦੇ ਹੋਏ ਆਜ਼ਾਦੀ ਦੇ ਪ੍ਰਵਾਨਿਆਂ ਨੂੰ ਯਾਦ ਕੀਤਾ ਅਤੇ ਆਜ਼ਾਦੀ ਦਿਹਾੜੇ ਦੀਆਂ ਸਭ ਨੂੰ ਵਧਾਈਆਂ ਦਿੱਤੀਆਂ। ਮੁੱਖ ਮਹਿਮਾਨ ਵਿਧਾਇਕ ਨਰੇਸ਼ ਕਟਾਰੀਆ ਨੇ ਡਾ. ਓਬਰਾਏ ਤੇ ਉਨ੍ਹਾਂ ਦੀ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਫੁਰਮਾਨ ਸਿੰਘ ਸੰਧੂ ਨੇ ਸਰਬੱਤ ਦਾ ਭਲਾ ਕਾਰਜਾਂ ਦੀ ਸ਼ਲਾਘਾ ਕਰਦੇ ਹੋਏ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੀ ਗੱਲ ਕਹੀ। ਇਸ ਮੌਕੇ ਦਵਿੰਦਰ ਸਿੰਘ ਛਾਬੜਾ ਪ੍ਰਧਾਨ, ਲਖਵਿੰਦਰ ਸਿੰਘ ਕਰਮੂਵਾਲਾ, ਕਿਰਨ ਪੇਂਟਰ ਤੇ ਮਨਪ੍ਰੀਤ ਸਿੰਘ ਕੰਪਿਊਟਰ ਟੀਚਰ ਸਮੇਤ ਹੋਰ ਪਤਵੰਤੇ ਮੌਜੂਦ ਸਨ।

ਸਰਵਹਿੱਤਕਾਰੀ ਵਿੱਦਿਆ ਮੰਦਰ ਸਕੂਲ 'ਚ ਮਨਾਇਆ ਤੀਜ ਦਾ ਤਿਉਹਾਰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਸਰਵਹਿੱਤਕਾਰੀ ਵਿੱਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਵਿੱਚ ਤੀਜ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਮੁੱਖ ਮਹਿਮਾਨ ਸ੍ਰੀਮਤੀ ਕਿਰਨ ਕਮਰਾ ਤੇ ਸ਼ੈਲੀ ਛਾਬੜਾ ਸਨ। ਸ੍ਰੀਮਤੀ ਈਸ਼ਾ ਪਠੇਲਾ, ਅੰਕਿਤਾ ਪਠੇਲਾ, ਸ੍ਰੀਮਤੀ ਵੀਨਾ ਸਚਦੇਵਾ ਜੀ ਕਮੇਟੀ ਮੈਂਬਰ, ਲਾਲਾ ਨੱਥੂ ਰਾਮ ਸਿੰਗਲ ਦੇ ਪ੍ਰਿੰਸੀਪਲ ਸ੍ਰੀਮਤੀ ਗੀਤਾ ਜੀ ਵੀ ਹਾਜ਼ਰ ਸਨ। ਪ੍ਰੋਗਰਾਮ ਵਿੱਚ ਸ੍ਰੀਮਤੀ ਮਨਜੀਤ, ਰਣਜੀਤ, ਮੀਰਾ ਜੀ, ਨਵਦੀਪ ਜੀ ਪੁਰਾਣੇ ਅਧਿਆਪਕ ਨੇ ਵੀ ਪ੍ਰੋਗਰਾਮ ਦਾ ਆਨੰਦ ਲਿਆ। ਪ੍ਰੋਗਰਾਮ ਦਾ ਅਰੰਭ ਦੀਪ ਜੋਤੀ ਨਾਲ ਕੀਤਾ ਗਿਆ। ਪ੍ਰੋਗਰਾਮ ਵਿੱਚ ਬੱਚਿਆਂ ਨੇ ਗਿੱਧਾ, ਭੰਗੜਾ, ਪੰਜਾਬੀ ਗੀਤ, ਘੋੜੀਆਂ, ਸੁਹਾਗ ਆਦਿ ਗਾ ਕੇ ਪ੍ਰੋਗਰਾਮ ਨੂੰ ਰੰਗਾਰੰਗ ਬਣਾਇਆ। ਬੱਚਿਆਂ, ਅਧਿਆਪਕਾਂ, ਮਾਪਿਆਂ ਤੇ ਆਏ ਹੋਏ ਮਹਿਮਾਨਾਂ ਵਿਚੋਂ ਮਿਸ ਤੀਜ ਵੀ ਚੁਣੇ ਗਏ, ਸੈਕੰਡਰੀ ਵਿੱਚ ਮਿਸ ਤੀਜ ਸਿਮਰਨ, ਪ੍ਰਾਇਮਰੀ ਵਿੱਚ ਮਿਸ ਤੀਜ ਗੁਰਨੂਰ ਨੂੰ ਚੁਣਿਆ ਗਿਆ। ਮਹਿਮਾਨਾਂ ਵਿੱਚੋਂ ਮਿਸ ਤੀਜ ਮੀਨਾਕਸ਼ੀ ਤੇ ਪਰਮਜੀਤ ਨੂੰ ਚੁਣਿਆ ਗਿਆ, ਮਾਪਿਆਂ ਵਿੱਚੋਂ ਮਿਸ ਤੀਜ ਜੋਤੀ ਤੇ ਅਧਿਆਪਕਾਂ ਵਿਚੋਂ ਮਿਸ ਤੀਜ ਸ੍ਰੀ ਮਤੀ ਆਸ਼ਾ ਨੂੰ ਚੁਣਿਆ ਗਿਆ। ਤੀਜ ਦੇ ਮੌਕੇ ਉੱਤੇ ਸਕੂਲ ਵਿੱਚ ਪੀਂਘ ਵੀ ਪਾਈ ਗਈ। ਪੰਜਾਬੀ ਸੱਭਿਆਚਾਰ ਨਾਲ ਸਬੰਧਤ ਚੀਜ਼ਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ। ਸ੍ਰੀਮਤੀ ਆਸ਼ਾ ਜੀ, ਮੀਨਾਕਸ਼ੀ ਤੇ ਕਾਜਲ ਨੇ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਈ। ਪ੍ਰੋਗਰਾਮ ਦੇ ਅਖੀਰ ਵਿੱਚ ਸ੍ਰੀਮਤੀ ਬਿੰਦਰਪਾਲ ਕੌਰ ਜੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਗੁਰਦੁਆਰਾ ਗਨੀ ਖਾਂ ਨਬੀ ਖਾਂ 'ਚ ਚੈਰੀਟੇਬਲ ਲੈਬ ਦਾ ਉਦਘਾਟਨ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਇਤਿਹਾਸਕ ਗੁਰਦੁਆਰਾ ਸ਼੍ਰੀ ਗਨੀ ਖਾਂ ਨਬੀ ਖਾਂ ਸਾਹਿਬ ਵਿਖੇ ਚੈਰੀਟੇਬਲ ਲੈਬੋਟਰੀ ਦਾ ਉਦਘਾਟਨ ਕਾਰ ਸੇਵਾ ਵਾਲੇ ਬਾਬਾ ਬਚਨ ਸਿੰਘ (ਦਿੱਲੀ ਵਾਲੇ) ਵੱਲੋਂ ਥਾਪੇ ਬਾਬਾ ਵਧਾਵਾ ਸਿੰਘ ਤੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਦਲਜੀਤ ਸਿੰਘ ਗਿੱਲ ਨੇ ਸੰਯੁਕਤ ਰੂਪ ਵਿੱਚ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਾਬਕਾ ਕੌਂਸਲਰ ਜਗਦੀਸ਼ ਸਿੰਘ ਰਾਠੌਰ ਨੇ ਦੱਸਿਆ ਕਿ ਇਹ ਲੈਬੋਟਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਲਾਈਫ ਕੇਅਰ ਫਾਊਂਡੇਸ਼ਨ ਵੱਲੋਂ ਖੋਲ੍ਹੀ ਗਈ ਹੈ, ਜਿੱਥੇ ਘੱਟ ਰੇਟ 'ਤੇ ਮਰੀਜ਼ਾਂ ਦੇ ਟੈਸਟ ਕੀਤੇ ਜਾਣਗੇ। ਉਦਘਾਟਨ ਉਪਰੰਤ ਬਾਬਾ ਵਧਾਵਾ ਸਿੰਘ ਤੇ ਸਾਬਕਾ ਪ੍ਰਧਾਨ ਦਲਜੀਤ ਗਿੱਲ ਨੇ ਦੱਸਿਆ ਕਿ ਹੁਣ ਮਾਛੀਵਾੜਾ ਇਲਾਕੇ ਦੇ ਲੋਕਾਂ ਨੂੰ ਵੱਧ ਰੇਟ 'ਤੇ ਟੈਸਟ ਕਰਵਾਉਣ ਦੀ ਜ਼ਰੂਰਤ ਨਹੀਂ, ਬਲਕਿ ਉਹ ਇਹ ਚੈਰੀਟੇਬਲ ਲੈਬ ਵਿੱਚ ਆ ਕੇ ਬਹੁਤ ਹੀ ਘੱਟ ਰੇਟਾਂ 'ਤੇ ਟੈਸਟ ਕਰਵਾ ਸਕਦੇ ਹਨ।

ਇਸ ਮੌਕੇ ਤੇਜਿੰਦਰ ਸਿੰਘ ਬਰਾੜ, ਪਰਮਜੀਤ ਸਿੰਘ ਗਿੱਲ, ਮਨਜੀਤ ਸਿੰਘ, ਅਮਰਜੀਤ ਸਿੰਘ, ਬਖਸ਼ੀਸ਼ ਸਿੰਘ, ਮਨਦੀਪ ਸਿੰਘ, ਜਸਪ੍ਰੀਤ ਸਿੰਘ ਗਿੱਲ, ਪ੍ਰੀਤਮ ਸਿੰਘ, ਡਾ. ਪ੍ਰਭਜੋਤ ਸਿੰਘ, ਅਮਨਦੀਪ ਸਿੰਘ, ਕੁਲਜੀਤ ਸਿੰਘ ਮੱਕੜ ਤੇ ਨਿਸ਼ਾਂਤ ਕੌੜਾ ਮੌਜੂਦ ਸਨ।

ਨਸ਼ੇ ਨੂੰ ਠੱਲ੍ਹ ਪਾਉਣ ਲਈ ਸੀਂਗੋ 'ਚ ਕਮੇਟੀ ਦਾ ਗਠਨ

ਤਲਵੰਡੀ ਸਾਬੋ (ਜਗਦੀਪ ਗਿੱਲ)-ਉੱਪ ਮੰਡਲ ਤਲਵੰਡੀ ਸਾਬੋ ਦੇ ਨੇੜਲੇ ਪਿੰਡ ਸੀਂਗੋ ਵਿਖੇ ਦਿਨੋਂ ਦਿਨ ਵਧ ਰਹੀਆਂ ਚੋਰੀਆਂ ਤੇ ਨਸ਼ੇ ਨੂੰ ਲੈ ਕੇ ਪਿੰਡ ਵਾਸੀਆਂ ਵੱਲੋਂ ਬਣਾਈ ਗਈ ਨਸ਼ਾ ਰੋਕੂ ਕਮੇਟੀ ਵਿੱਚ ਮਤੇ ਪਾਏ ਗਏ ਕਿ ਪਿੰਡ ਦੀਆਂ ਫਿਰਨੀਆਂ ਉੱਤੇ ਨੌਜਵਾਨਾਂ ਵੱਲੋਂ ਪਹਿਰਾ ਲਾਇਆ ਜਾਵੇਗਾ, ਜੋ ਆਦਮੀ ਚੋਰੀ ਕਰਦਾ ਜਾਂ ਨਸ਼ੇ ਕਰਦਾ, ਵੇਚਦਾ ਫੜਿਆ ਗਿਆ ਤਾਂ ਉਸ ਦੇ ਪਿੱਛੇ ਕਮੇਟੀ ਵੱਲੋਂ ਸਖਤ ਕਾਰਵਾਈ ਕਰਵਾਈ ਜਾਵੇਗੀ ਅਤੇ ਉਸ ਦੀ ਜ਼ਮਾਨਤ ਨਹੀਂ ਕਰਵਾਈ ਜਾਵੇਗੀ ਅਤੇ ਉਸ ਦੀ ਜ਼ਮਾਨਤ ਕਰਾਉਣ ਵਾਲੇ ਦਾ ਪਿੰਡ ਵਿੱਚੋਂ ਬਾਈਕਾਟ ਕੀਤਾ ਜਾਵੇਗਾ। ਇਹ ਫੈਸਲੇ ਲੈਂਦਿਆਂ ਪਿੰਡ ਦੀ ਪੰਚਾਇਤ ਤੇ ਨੰਬਰਦਾਰ ਅਤੇ ਨੌਜਵਾਨਾਂ ਵੱਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਕੀਤੀ ਗਈ। ਇਸ ਮੌਕੇ ਸੁਖਪਾਲ ਸਿੰਘ ਸਾਬਕਾ ਪ੍ਰਧਾਨ ਤੇ ਸੁਖਪਾਲ ਸਿੰਘ ਅਕਾਲੀ, ਡੂੰਗਰ ਸਿੰਘ ਸਾਬਕਾ ਮੈਂਬਰ ਨੇ ਬੋਲਦਿਆਂ ਕਿਹਾ ਕਿ ਸਾਡੇ ਪਿੰਡ ਦੇ ਨੌਜਵਾਨ ਸਾਰੇ ਰਸਤਿਆਂ 'ਤੇ ਨਾਕੇ ਲਾ ਕੇ ਸੱਕੀ ਬੰਦਿਆਂ ਦੀ ਤਲਾਸ਼ੀ ਲੈਣਗ

19-August-PAGE-11.qxd 8/18/2023 9:53 PM Page 1

7 ਸਾਲਾ ਬੱਚੀ ਦੀ ਇਲਾਜ ਦੌਰਾਨ ਮੌਤ, ਮਾਪਿਆਂ ਨੇ ਡਾਕਟਰਾਂ 'ਤੇ ਲਗਾਏ ਲਾਪਰਵਾਹੀ ਦੇ ਦੋਸ਼

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਜ਼ਿਲ੍ਹਾ ਤਰਨ ਤਾਰਨ ਅਧੀਨ ਪੈਂਦੇ ਪਿੰਡ ਗੰਡੀਵਿੰਡ ਤੋਂ 7 ਸਾਲਾ ਬੱਚੀ ਕਿਰਤਜੋਤ ਕੌਰ ਦੀ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ 'ਚ ਇਲਾਜ ਦੌਰਾਨ ਮੌਤ ਹੋ ਜਾਣ ਦੀ ਦੁਖਦਾਈ ਖਬਰ ਸਾਹਮਣੇ ਆਈ ਹੈ। ਦੱਸ ਦਈਏ ਕਿ ਬੱਚੀ ਦੇ ਮਾਪਿਆਂ ਵੱਲੋਂ ਹਸਪਤਾਲ ਦੇ ਡਾਕਟਰਾਂ 'ਤੇ ਲਾਪਰਵਾਹੀ ਦੇ ਦੋਸ਼ ਲਗਾਏ ਜਾ ਰਹੇ ਹਨ। ਇਸ ਮਾਮਲੇ ਸੰਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਬੱਚੀ ਕਿਰਤਜੋਤ ਕੌਰ ਦੀ ਦਾਦੀ ਨੇ ਦੱਸਿਆ ਕਿ ਬੀਤੇ ਦਿਨੀਂ ਅਚਾਨਕ ਉਨ੍ਹਾਂ ਦੀ ਬੱਚੀ ਦੀ ਸਿਹਤ ਖਰਾਬ ਹੋ ਗਈ ਸੀ, ਜਿਸ ਤੋਂ ਬਾਅਦ ਉਹ ਕਿਰਤਜੋਤ ਕੌਰ ਨੂੰ ਤਰਨ ਤਾਰਨ ਦੇ ਸਿਵਲ ਹਸਪਤਾਲ ਲੈ ਕੇ ਗਏ ਸਨ, ਜਿੱਥੇ ਸਿਵਲ ਹਸਪਤਾਲ ਦੇ ਡਾਕਟਰਾਂ ਵੱਲੋਂ ਉਸ ਨੂੰ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਵਿਖੇ ਰੈਫਰ ਕਰ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਹਸਪਤਾਲ ਦੇ ਬੇਬੇ ਨਾਨਕੀ ਵਾਰਡ 'ਚ ਇਲਾਜ ਦੌਰਾਨ ਅਚਾਨਕ ਉਨ੍ਹਾਂ ਦੀ ਬੱਚੀ ਨੇ ਬੈਡ 'ਤੇ ਤੜਫਣਾ ਸ਼ੁਰੂ ਕਰ ਦਿੱਤਾ, ਜਿਸ ਤੋਂ ਤੁਰੰਤ ਬਾਅਦ ਉਨ੍ਹਾਂ ਨੇ ਡਾਕਟਰ ਨੂੰ ਸੂਚਿਤ ਕੀਤਾ। ਮ੍ਰਿਤਕ ਲੜਕੀ ਦੀ ਦਾਦੀ ਨੇ ਦੱਸਿਆ ਕਿ ਡਾਕਟਰ ਵੱਲੋਂ ਉਨ੍ਹਾਂ ਦੀ ਬੱਚੀ ਨੂੰ ਇੱਕ ਇੰਜੈਕਸ਼ਨ ਦਿੱਤਾ ਗਿਆ, ਜਿਸ ਨਾਲ ਉਨ੍ਹਾਂ ਦੀ ਬੱਚੀ ਦੀਆਂ ਅੱਖਾਂ ਪੁੱਠੀਆਂ ਹੋ ਗਈਆਂ ਅਤੇ ਉਹ ਬੇਹੋਸ਼ ਹੋ ਗਈ। ਇਸ ਤੋਂ ਬਾਅਦ ਕੀਤੇ ਚੈੱਕਅੱਪ 'ਚ ਡਾਕਟਰਾਂ ਨੇ ਬੱਚੀ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਮੌਕੇ ਮ੍ਰਿਤਕ ਬੱਚੀ ਦੇ ਪਰਿਵਾਰਕ ਮੈਂਬਰਾਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਅਤੇ ਪੁਲਸ ਪ੍ਰਸ਼ਾਸਨ ਕੋਲੋਂ ਇਨਸਾਫ ਦੀ ਮੰਗ ਕੀਤੀ ਹੈ। ਉੱਧਰ ਜਦੋਂ ਇਸ ਮਾਮਲੇ ਸਬੰਧੀ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਦੇ ਡਾਕਟਰਾਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਆਪਣੇ 'ਤੇ ਲੱਗੇ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਬੱਚੀ ਦੇ ਇਲਾਜ ਦੌਰਾਨ ਕਿਸੇ ਵੀ ਤਰ੍ਹਾਂ ਦੀ ਕੋਈ ਲਾਪਰਵਾਹੀ ਨਹੀਂ ਵਰਤੀ ਗਈ ਹੈ। ਇਸ ਮੌਕੇ ਡਾਕਟਰ ਗੌਰਵ ਨੇ ਦੱਸਿਆ ਕਿ ਇਲਾਜ ਦੌਰਾਨ ਮ੍ਰਿਤਕ ਬੱਚੀ ਦੇ ਪਰਿਵਾਰਕ ਮੈਂਬਰਾਂ ਤੋਂ ਇਕੱਤਰ ਕੀਤੀ ਗਈ ਜਾਣਕਾਰੀ ਅਨੁਸਾਰ ਕਿਰਤਜੋਤ ਕੌਰ ਗਲੀ ਦੇ ਕਿਸੇ ਕੁੱਤੇ ਨਾਲ ਖੇਡਿਆ ਕਰਦੀ ਸੀ। ਡਾਕਟਰ ਗੌਰਵ ਨੇ ਦੱਸਿਆ ਕਿ ਕੇਸ ਸਬੰਧੀ ਮਾਪਿਆਂ ਤੋਂ ਇਕੱਤਰ ਕੀਤੀ ਗਈ ਹਿਸਟਰੀ ਅਤੇ ਮੈਡੀਕਲ ਜਾਂਚ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਕਿਰਤਜੋਤ ਕੌਰ ਜਿਸ ਕੁੱਤੇ ਨਾਲ ਖੇਡਦੀ ਸੀ, ਉਹ ਹਲਕਿਆ ਹੋਇਆ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਬੱਚੀ ਦੇ ਮਾਪਿਆਂ ਨੂੰ ਕਿਹਾ ਸੀ ਕਿ ਉਹ ਬੱਚੀ ਨੂੰ ਐਂਟੀ ਰੈਬੀਜ਼ ਟੀਕਾ ਲਗਵਾਉਣ, ਪ੍ਰੰਤੂ ਉਸ ਦੇ ਮਾਪਿਆਂ ਨੇ ਅਜਿਹਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਬੱਚੀ ਨੂੰ ਫੋਬੀਆ ਵੀ ਹੋ ਗਿਆ ਸੀ, ਜਿਸ ਤੋਂ ਬਾਅਦ ਉਸ ਦੀ ਅਚਾਨਕ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਇਲਾਜ ਦੌਰਾਨ ਉਨ੍ਹਾਂ ਵੱਲੋਂ ਕੋਈ ਵੀ ਕੁਤਾਹੀ ਨਹੀਂ ਵਰਤੀ ਗਈ ਹੈ। ਸਗੋਂ ਬੱਚੀ ਦੀ ਸਾਰੀ ਕੇਸ ਹਿਸਟਰੀ ਬਾਰੇ ਉਸ ਦੇ ਮਾਪਿਆਂ ਨੂੰ ਦੱਸਿਆ ਗਿਆ ਸੀ। ਇਸ ਮੌਕੇ ਜਾਂਚ ਅਧਿਕਾਰੀ ਏਐੱਸਆਈ ਸੁਖਬੀਰ ਸਿੰਘ ਨੇ ਕਿਹਾ ਕਿ ਮੈਡੀਕਲ ਰਿਪੋਰਟ ਆਉਣ ਤੋਂ ਬਾਅਦ ਦੋਸ਼ੀ ਪਾਏ ਜਾਣ ਵਾਲਿਆਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਏਐੱਸਆਈ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਮੈਡੀਕਲ ਅਫਸਰ ਅਤੇ ਬੱਚੀ ਦੇ ਮਾਪਿਆਂ ਦੇ ਬਿਆਨ ਦਰਜ ਕਰ ਲਏ ਗਏ ਹਨ।

ਲਾਇਨਜ ਕਲੱਬ ਬਟਾਲਾ ਮੁਸਕਾਨ ਨੇ ਮਨਾਇਆ ਸੁਤੰਤਰਤਾ ਦਿਵਸ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਲਾਇਨਜ਼ ਕਲੱਬ ਬਟਾਲਾ ਮੁਸਕਾਨ ਦੇ ਮੈਂਬਰਾਂ ਵੱਲੋਂ ਸਲੱਮ ਏਰੀਆ ਵਿੱਚ ਰਹਿੰਦੇ ਲੋਕਾਂ ਨਾਲ ਸੁਤੰਤਰਤਾ ਦਿਵਸ ਮਨਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਲਾਇਨ ਪਰਵਿੰਦਰ ਸਿੰਘ ਗੋਰਾਇਆ ਨੇ ਦੱਸਿਆ ਕਿ ਕਲੱਬ ਦੇ ਮੈਂਬਰਾਂ ਵੱਲੋਂ ਸਲੱਮ ਏਰੀਆ ਵਿੱਚ ਰਹਿੰਦੇ ਲੋਕਾਂ ਅਤੇ ਬੱਚਿਆਂ ਨਾਲ ਸੁਤੰਤਰਤਾ ਦਿਵਸ ਮਨਾਉਣ ਲਈ ਸਾਦਾ ਪਰ ਪ੍ਰਭਾਵਸ਼ਾਲੀ ਪ੍ਰੋਗਰਾਮ ਸਥਾਨਕ ਸਿਲਵਰ ਕਰੀਕ ਸਕੂਲ ਵਿਖੇ ਆਯੋਜਿਤ ਕੀਤਾ ਗਿਆ ਜਿਸ ਵਿੱਚ ਵਾਇਸ ਡ੍ਰਿਸਟਿਕ ਗਵਰਨਰ 2 ਲਾਇਨ ਵੀ. ਐਮ. ਗੋਇਲ ਵੱਲੋਂ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ ਗਈ। ਇਸ ਮੌਕੇ ਉਨ੍ਹਾਂ ਹਾਜ਼ਰ ਲੋਕਾਂ ਤੇ ਬੱਚਿਆਂ ਨੂੰ ਸੁਤੰਤਰਤਾ ਦਿਵਸ ਬਾਰੇ ਵਿਸਥਾਰ ਸਾਹਿਤ ਜਾਣਕਾਰੀ ਦਿੰਦੇ ਹੋਏ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਲਾਇਨਜ਼ ਕਲੱਬ ਬਟਾਲਾ ਮੁਸਕਾਨ ਦੇ ਮੈਂਬਰਾਂ ਵੱਲੋਂ ਵੱਖ-ਵੱਖ ਸਮੇਂ ਤੇ ਕੀਤੇ ਜਾ ਰਹੇ ਪ੍ਰੋਜੈਕਟ ਕਾਬਲੇ ਤਾਰੀਫ ਹੈ। ਇਸ ਦੌਰਾਨ ਹਾਜ਼ਰ ਬੱਚਿਆਂ ਤੇ ਲੋਕਾਂ ਨੂੰ ਫਲ, ਸਮੋਸੇ ਤੇ ਮਠਿਆਈ ਵੰਡੀ ਗਈ। ਇਸ ਮੌਕੇ ਲਾਇਨ ਚਰਨਜੀਤ ਸਿੰਘ, ਲਾਇਨ ਜਸਵੰਤ ਪਠਾਣੀਆਂ, ਲਾਇਨ ਰਣਜੀਤ ਸਿੰਘ, ਲਾਇਨ ਪ੍ਰਦੀਪ ਸਿੰਘ ਚੀਮਾ, ਲਾਇਨ ਗਗਨਦੀਪ ਸਿੰਘ, ਲਾਇਨ ਭਾਰਤ ਭੂਸ਼ਨ, ਲਾਇਨ ਹਰਭਜਨ ਸਿੰਘ ਸੋਖੋਂ, ਲਾਇਨ ਬਖਸ਼ਿੰਦਰ ਸਿੰਘ ਅਠਵਾਲ, ਲਾਇਨ ਗੁਰਸ਼ਰਨ ਸਿੰਘ, ਲਾਇਨ ਬਲਕਾਰ ਸਿੰਘ, ਲਾਇਨ ਗੋਬਿੰਦ ਸੈਣੀ, ਲਾਇਨ ਸੁਸ਼ੀਲ, ਲਾਇਨ ਅਨੂਪ ਸਿੰਘ ਮਾਂਗਟ ਆਦਿ ਹਾਜਰ ਸਨ।

ਬਲਜੀਤ ਸਿੰਘ ਜੰਡੂ ਪ੍ਰਧਾਨ ਬਣਨ 'ਤੇ ਚੋਹਲਾ ਪਰਿਵਾਰ ਵੱਲੋਂ ਸਨਮਾਨਿਤ

ਚੋਹਲਾ ਸਾਹਿਬ (ਰਮਨ ਚੱਢਾ)-ਮੋਹਾਲੀ ਇੰਡਸਟਰੀ ਐਸੋਸੀਏਸ਼ਨ (ਐਮਆਈਏ) ਦੀ ਹੋਈ। ਚੋਣ ਵਿੱਚ ਨਤੀਜਿਆਂ ਤੋਂ ਬਾਅਦ ਉਘੇ ਉਤਯੋਗਪਤੀ ਸਿਰੜੀ ਤੇ ਆਪਣੀ ਗੱਲ ਪੁਗਾਉਣ ਵਾਲੇ ਬਲਜੀਤ ਸਿੰਘ ਬਲੈਕ ਸਟੇਬ ਵਾਲਿਆਂ ਨੂੰ ਮੋਹਾਲੀ ਇੰਡਸਟਰੀ ਐਸੋਸੀਏਸ਼ਨ ਦੇ ਜੇਤੂ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਧਾਨ ਚੋਣ ਲਿਆ।

ਉਨ੍ਹਾਂ ਦੇ ਪ੍ਰਧਾਨ ਚੁਣੇ ਜਾਣ 'ਤੇ ਜਰਨੈਲ ਸਿੰਘ ਚੋਹਲਾ ਜੇ. ਜੇ. ਹਵੇਲੀ ਵਾਲਿਆਂ ਦੇ ਸਮੁੱਚੇ ਪਰਿਵਾਰ ਵਲੋਂ ਬਲਜੀਤ ਸਿੰਘ ਦੇ ਘਰ ਜਾ ਕੇ ਵਧਾਈਆਂ ਦਿੱਤੀਆਂ ਗਈਆਂ ਅਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਾਈ ਚੋਹਲਾ ਸਾਹਿਬ ਨੇ ਕਿਹਾ ਕਿ ਬਲਜੀਤ ਸਿੰਘ ਨੇ ਮਾਝੇ ਦੇ ਪਿੰਡ ਜੰਡੂ ਤੋਂ ਇੱਕ ਛੋਟੀ ਜਿਹੀ ਇੰਡਸਟਰੀ ਤੋਂ ਸ਼ੁਰੂਆਤ ਕੀਤੀ ਤੇ ਆਪਣੀ ਮਿਹਨਤ ਲਿਆਕਤ ਸਦਕਾ ਨਾਮੀ ਇੰਡਸਟਰੀ ਦੇ ਮਾਲਕ ਬਣ ਗਏ। ਭਾਈ ਚੋਹਲਾ ਨੇ ਕਿਹਾ ਕਿ ਜਲਦ ਬਲਜੀਤ ਸਿੰਘ ਜੰਡੂ ਪ੍ਰਧਾਨ ਦੀ ਸੇਵਾ ਮਿਲਣ ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਆਪਣੇ ਪਰਿਵਾਰ ਤੇ ਸਾਥੀਆਂ ਨਾਲ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਨਤਮਸਤਕ ਹੋਣਗੇ।

ਗੁਰੂ ਘਰਾਂ 'ਚ ਖਿਡੌਣੇ ਚੜ੍ਹਾਉਣ ਤੋਂ ਗੁਰੇਜ਼ ਕਰੇ ਸੰਗਤ: ਪ੍ਰਤਾਪ ਸਿੰਘ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਗੁਰਦੁਆਰਾ ਸਾਹਿਬਾਨ ਵਿਖੇ ਸੰਗਤਾਂ ਵੱਲੋਂ ਸ਼ਰਧਾ ਦੇ ਨਾਂ 'ਤੇ ਖਿਡੌਣੇ ਚੜ੍ਹਾਉਣ 'ਤੇ ਰੋਕ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਹੋਏ ਆਦੇਸ਼ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਸਮੂਹ ਗੁਰਦੁਆਰਾ ਸਾਹਿਬਾਨ ਦੇ ਮੈਨੇਜਰਾਂ ਨੂੰ ਸਰਕੂਲਰ ਜਾਰੀ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਵੱਲੋਂ ਗੁਰਦੁਆਰਾ ਮੈਨੇਜਰਾਂ ਨੂੰ ਭੇਜੇ ਪੱਤਰ ਵਿਚ ਗੁਰੂ ਘਰਾਂ ਦੀ ਮਰਯਾਦਾ ਵਿਰੁੱਧ ਖਿਡੌਣੇ ਆਦਿ ਚੜ੍ਹਾਉਣ ਦੀ ਮਨਮਤਿ ਰੋਕਣ ਲਈ ਆਖਿਆ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਕੁਝ ਗੁਰਦੁਆਰਾ ਸਾਹਿਬਾਨ ਵਿਖੇ ਸੰਗਤਾਂ ਵੱਲੋਂ ਸ਼ਰਧਾ ਦੇ ਨਾਂ 'ਤੇ ਖਿਡੌਣੇ (ਜਹਾਜ਼) ਚੜ੍ਹਾਏ ਜਾਂਦੇ ਹਨ, ਜੋ ਮਰਯਾਦਾ ਅਨੁਸਾਰ ਉਚਿਤ ਨਹੀਂ ਹਨ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਵੱਲੋਂ ਅਜਿਹੀਆਂ ਮਨਮਤੀ ਕਾਰਵਾਈਆਂ ਨੂੰ ਰੋਕਣ ਲਈ ਆਦੇਸ਼ ਜਾਰੀ ਹੋਇਆ ਸੀ, ਜਿਸ ਦੀ ਪਾਲਣਾ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਾ ਸਾਹਿਬਾਨ ਦੇ ਮੈਨੇਜਰ ਨੂੰ ਪੱਤਰ ਜਾਰੀ ਕੀਤਾ ਗਿਆ ਹੈ।

ਸ. ਪ੍ਰਤਾਪ ਸਿੰਘ ਨੇ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਉਹ ਗੁਰੂ ਸਾਹਿਬ ਦੇ ਸਤਿਕਾਰ ਤੇ ਗੁਰਦੁਆਰਾ ਸਾਹਿਬਾਨ ਦੀ ਮਰਯਾਦਾ ਨੂੰ ਧਿਆਨ ਵਿਚ ਰੱਖਦਿਆਂ ਗੁਰਦੁਆਰਾ ਸਾਹਿਬ ਅੰਦਰ ਖਿਡੌਣੇ (ਜਹਾਜ਼) ਆਦਿ ਨਾ ਚੜ੍ਹਾਉਣ। ਉਨ੍ਹਾਂ ਪ੍ਰਚਾਰਕ ਜਥਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੋਏ ਆਦੇਸ਼ ਤੋਂ ਵੱਧ ਤੋਂ ਵੱਧ ਸੰਗਤਾਂ ਨੂੰ ਜਾਣੂ ਕਰਵਾਉਣ।

'ਰਵਾਇਤੀ ਪਾਰਟੀਆਂ ਨੇ ਸਮਾਂ ਰਹਿੰਦੇ ਨਸ਼ਿਆਂ ਨੂੰ ਠੱਲ੍ਹਣ ਲਈ ਕੋਈ ਰਣਨੀਤੀ ਨਹੀਂ ਬਣਾਈ'

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਪੰਜਾਬ ਵਿਚ ਇਸ ਵੇਲੇ ਨਸ਼ਿਆਂ ਦਾ ਛੇਵਾਂ ਦਰਿਆ ਵਗ ਰਿਹਾ। ਇਸ ਵਿਚ ਕੋਈ ਸ਼ੱਕ ਨਹੀ ਪਰ ਬੜੀ ਹੈਰਾਨੀ ਦੀ ਗੱਲ ਹੈ ਸੂਬੇ ਦੀਆਂ ਰਾਜਨੀਤਿਕ ਪਾਰਟੀ ਚਾਹੇ ਸ਼੍ਰੋਮਣੀ ਅਕਾਲੀ ਦਲ, ਭਾਜਪਾ ਜਾਂ ਫਿਰ ਕਾਂਗਰਸ ਪਾਰਟੀ ਹੋਵੇ, ਨੂੰ ਸੱਤਾ 'ਚ ਹੁੰਦੇ ਹੋਏ ਪੰਜਾਬ ਤੇ ਪੰਜਾਬੀਆਂ ਦਾ ਦਰਦ ਕਿਉਂ ਚੇਤੇ ਨਹੀਂ ਆਉਂਦਾ। ਜਦੋਂ ਵੀ ਕੋਈ ਸਿਆਸੀ ਪਾਰਟੀ ਸੱਤਾ ਤੋਂ ਲਾਂਭੇ ਹੁੰਦੀ ਜਾਂ ਵਿਰੋਧੀ ਧਿਰ ਦੀ ਭੂਮਿਕਾ 'ਚ ਹੁੰਦੀ ਹੈ ਤਾਂ ਸੂਬੇ ਦੀ ਜਵਾਨੀ ਤੇ ਕਿਸਾਨੀ ਦਾ ਦਰਦ ਸਤਾਉਣ ਲੱਗ ਪੈਂਦਾ। ਜੇਕਰ ਕਾਂਗਰਸ ਦੇ ਪੰਜ ਸਾਲ ਦੇ ਕਾਰਜਕਾਲ ਦੀ ਗੱਲ ਕਰੀਏ ਤਾਂ ਪਤਾ ਨਹੀਂ ਹਲਕੇ ਅੰਦਰ ਕਿੰਨੀਆਂ ਚੋਰੀਆਂ, ਲੁੱਟਾਂ ਖੋਹਾਂ, ਡਿਕੈਤੀਆਂ ਅਤੇ ਕਤਲੋਗਾਰਤ ਹੋਇਆ ਜਿਸਦਾ ਅੱਜ ਤੱਕ ਪੀੜਤਾਂ ਨੂੰ ਇਨਸਾਫ ਨਹੀਂ ਮਿਲਿਆ। ਜਦੋਂ ਸੱਤਾ ਤੋਂ ਦੂਰ ਹੁੰਦੇ ਹਨ ਤਾਂ ਸਾਬਕਾ ਵਿਧਾਇਕ ਅਤੇ ਉਸਦੇ ਕਰੀਬੀਆਂ ਵੱਲੋਂ ਨਸ਼ੇ 'ਤੇ ਹਾਲਾਤ ਨੂੰ ਲੈ ਕੇ ਬੜੀਆਂ ਉਂਗਲਾਂ ਚੁੱਕ ਕੇ ਸੋਸ਼ਲ ਮੀਡੀਆ 'ਤੇ ਆਪਣੇ ਆਪ ਨੂੰ ਰਾਮ ਅਤੇ ਦੂਸਰੇ ਦੇ ਰਾਜ ਨੂੰ ਰਾਵਣ ਰਾਜ ਦੱਸ ਕੇ ਖੂਬ ਵਾਹ-ਵਾਹ ਖੱਟੀ ਜਾ ਰਹੀ ਹੈ। ਨਸ਼ੇ ਨਾਲ ਮਰਨ ਵਾਲੇ ਨੌਜਵਾਨਾਂ ਦੀਆਂ ਲਾਸ਼ਾਂ ਤੇ ਰੱਜ ਕੇ ਸਿਆਸਤ

ਕੀਤੀ ਜਾਂਦੀ ਹੈ ਤੇ ਸੱਤਾ ਦਾ ਸੁੱਖ ਲਿਆ ਜਾਂਦਾ। ਸੱਤਾ 'ਚ ਰਹਿੰਦੇ ਹੋਏ ਸਿਆਸੀ ਲੀਡਰਾਂ ਨੂੰ ਨਸ਼ਿਆਂ ਨਾਲ ਜਵਾਨੀ ਦੇ ਹੁੰਦੇ ਘਾਣ ਨਜ਼ਰ ਨਹੀਂ ਆਏ। ਜੇਕਰ ਸਮਾਂ ਰਹਿੰਦਿਆਂ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਵੱਲੋਂ ਨਸ਼ੇ ਨੂੰ ਖਤਮ ਕਰਨ ਲਈ ਸੂਬੇ ਦੇ ਦਰਦ ਨੂੰ ਮੁੱਖ ਰੱਖਦੇ ਹੋਏ ਕੋਈ ਠੋਸ ਰਣਨੀਤੀ ਤਿਆਰ ਕੀਤੀ ਹੁੰਦੀ ਤਾਂ ਅੱਜ ਪੰਜਾਬ ਦੇ ਲੋਕਾਂ ਨੂੰ ਇਹ ਦਿਨ ਨਾ ਦੇਖਣੇ ਪੈਂਦੇ।

ਕਮਲੇਸ਼ ਭਾਰਦਵਾਜ ਦਾ ਬਟਾਲਾ ਪਹੁੰਚਣ 'ਤੇ ਨਿੱਘਾ ਸਵਾਗਤ

ਬਟਾਲਾ (ਤਰਲੋਕ ਬੱਗਾ)—ਸ਼ਿਵ ਸੈਨਾ ਸਮਾਜਵਾਦੀ ਦੇ ਰਾਸ਼ਟਰੀ ਪ੍ਰਧਾਨ ਕਮਲੇਸ਼ ਭਾਰਦਵਾਜ ਦਾ ਬਟਾਲਾ ਪਹੁੰਚਣ 'ਤੇ ਸ਼ਿਵ ਸੈਨਾ ਸਮਾਜਵਾਦੀ ਦੀ ਪੂਰੀ ਟੀਮ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਰਾਸ਼ਟਰੀ ਉਪ ਪ੍ਰਧਾਨ ਕਮਲ ਵਰਮਾ, ਸੰਗਠਨ ਮੰਤਰੀ ਪੰਜਾਬ ਰਜੀਵ ਮਹਾਜਨ, ਪੰਜਾਬ ਉਪ ਪ੍ਰਧਾਨ ਹਰਪ੍ਰੀਤ ਸਿੰਘ, ਪੰਜਾਬ ਸਲਾਹਕਾਰ ਬਿੱਟੂ ਧਾਦਵ, ਸੰਜੀਵ ਭੱਲਾ, ਜ਼ਿਲਾ ਚੇਅਰਮੈਨ ਨਰਿੰਦਰ ਵਰਮਾ, ਸਿਟੀ ਪ੍ਰਧਾਨ ਗੁਰਪ੍ਰੀਤ ਸਿੰਘ ਲਵਲੀ, ਕਰਨੈਲ ਸਿੰਘ, ਮਨੀ ਅਤੇ ਹੋਰ ਸ਼ਿਵ ਸੈਨਿਕ ਮੀਟਿੰਗ ਵਿੱਚ ਸ਼ਾਮਿਲ ਹੋਏ। ਸ਼ਿਵ ਸੈਨਾ ਸਮਾਜਵਾਦੀ ਦਾ ਇੱਕ ਡੈਲੀਗੇਸ਼ਨ ਰਾਸ਼ਟਰੀ ਪ੍ਰਧਾਨ ਕਮਲੇਸ਼ ਭਾਰਦਵਾਜ ਦੀ ਅਗਵਾਈ ਵਿੱਚ ਐੱਸਐੱਸਪੀ ਬਟਾਲਾ ਅਸ਼ਵਨੀ ਗੋਟਿਆਲ ਨੂੰ ਮਿਲਿਆ ਅਤੇ ਉਨ੍ਹਾਂ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਦੀ ਬਣਾਈ ਟੀਮ ਵੱਲੋ

ਰਜੀਵ ਮਹਾਜਨ 'ਤੇ ਹਮਲਾ ਕਰਨ ਵਾਲੇ ਹਮਲਾਵਰਾਂ ਨੂੰ ਸਮੇਂ 'ਤੇ ਗ੍ਰਿਫਤਾਰ ਕਰਕੇ ਜੇਲ ਭੇਜਿਆ। ਮੀਟਿੰਗ ਦੌਰਾਨ ਰਾਸ਼ਟਰੀ ਪ੍ਰਧਾਨ ਕਮਲੇਸ਼ ਭਾਰਦਵਾਜ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੋ ਮੈਡੀਕਲ/ਆਰਥਿਕ ਸਹਾਇਤਾ ਰਜੀਵ ਮਹਾਜਨ ਦੇ ਪਰਿਵਾਰ ਨੂੰ ਦੇਣ ਦਾ ਵਾਅਦਾ ਕੀਤਾ ਅਜੇ ਤੱਕ ਉਹ ਪੂਰਾ ਨਹੀਂ ਕੀਤਾ ਗਿਆ ਤੇ ਪਰਿਵਾਰ ਅੱਜ ਵੀ ਸਰਕਾਰ ਦੀ ਸਹਾਇਤਾ ਦਾ ਇੰਤਜ਼ਾਰ ਕਰ ਰਿਹਾ ਹੈ। ਉਨ੍ਹਾਂ ਨੇ ਪ੍ਰਸ਼ਾਸਨ ਤੋਂ ਸ਼ਿਵ ਸੈਨਿਕਾਂ ਦੀ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਦੀ ਮੰਗ ਕੀਤੀ।

ਝਪਟਮਾਰ ਔਰਤ ਤੋਂ ਸੋਨੇ ਦੀ ਚੈਨੀ ਖੋਹ ਕੇ ਫ਼ਰਾਰ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਧਾਰੀਵਾਲ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਨਵਜੋਤ ਕੌਰ ਪਤਨੀ ਅਮਰਬੀਰ ਸਿੰਘ ਵਾਸੀ ਮਹਾਦੇਵ ਖੁਰਦ ਥਾਣਾ ਤਿੱਬੜ ਨੇ ਦੱਸਿਆ

19-Aug-PAGE- 12 qxd.qxd 8/18/2023 9:54 PM Page 1

ਲੁਧਿਆਣਾ ਦੀਆਂ ਪ੍ਰਮੁੱਖ ਹਸਤੀਆਂ ਆਮ ਆਦਮੀ ਪਾਰਟੀ 'ਚ ਹੋਈਆਂ ਸ਼ਾਮਲ

ਚੰਡੀਗੜ੍ਹ,(ਗੁਰਜੀਤ ਬਿੱਲਾ)-ਆਮ ਆਦਮੀ ਪਾਰਟੀ (ਆਪ) ਨੂੰ ਲੁਧਿਆਣਾ 'ਚ ਉਸ ਸਮੇਂ ਵੱਡਾ ਵੱਡਾ ਹੁਲਾਰਾ ਮਿਲਿਆ ਜਦੋਂ ਵੀਰਵਾਰ ਨੂੰ ਤਿੰਨ ਪ੍ਰਮੁੱਖ ਹਸਤੀਆਂ 'ਆਪ' 'ਚ ਸ਼ਾਮਲ ਹੋ ਗਈਆਂ। ਬਸੰਤ ਗਰੁੱਪ ਦੇ ਚੇਅਰਮੈਨ ਰਜਿੰਦਰ ਸਿੰਘ ਬਸੰਤ, ਰਿਟਾਇਰ ਡੀ ਐਸ ਪੀ ਬੁਲੰਦ ਸਿੰਘ ਅਤੇ ਆਰ ਓ ਬੀ ਸੀ ਵੈਲਫੇਅਰ ਫਰੰਟ (ਜਮਹੂਰੀ) ਪੰਜਾਬ ਦੇ ਕਰਮਜੀਤ ਸਿੰਘ ਨਾਰੰਗਵਾਲ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ। 'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਵਿਧਾਇਕ ਬੁੱਧ ਰਾਮ ਨੇ ਉਨ੍ਹਾਂ ਨੂੰ ਪਾਰਟੀ 'ਚ ਸ਼ਾਮਲ ਕੀਤਾ ਅਤੇ ਉਨ੍ਹਾਂ ਦਾ ਸਵਾਗਤ ਕੀਤਾ।

ਉਨ੍ਹਾਂ ਦੇ ਨਾਲ ਕੁਲਵੰਤ ਸਿੰਘ ਪੱਪੀ (ਅਕਾਲੀ ਦਲ), ਤਰਲੋਚਨ ਸਿੰਘ ਕਾਕਾ (ਕਾਂਗਰਸ) ਅਤੇ ਸਰਬਜੀਤ ਸਿੰਘ ਸੇਵੀਆਂ (ਕਾਂਗਰਸ) ਵੀ 'ਆਪ' ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਧ, ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ, ਵਿਧਾਇਕ ਰਜਿੰਦਰਪਾਲ ਕੌਰ ਛੀਨਾ, ਸਕੱਤਰ ਅਮਨਦੀਪ ਸਿੰਘ ਮੋਹੀ, ਸਮਿੰਦਰ ਸਿੰਘ ਖਿੰਡਾ, ਰਾਜਵਿੰਦਰ ਕੌਰ ਥਿਆੜਾ, ਗੁਰਦੇਵ ਸਿੰਘ ਲੱਖਾ ਅਤੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਸਰਨਪਾਲ ਸਿੰਘ ਮੱਕੜ ਵੀ ਨਵੇਂ ਆਗੂਆਂ ਦਾ ਸਵਾਗਤ ਕਰਨ ਲਈ ਹਾਜ਼ਰ ਸਨ। ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਜੋ ਲੋਕ ਪੰਜਾਬ ਦੀ ਤਰੱਕੀ 'ਚ ਯੋਗਦਾਨ ਪਾਉਣਾ ਚਾਹੁੰਦੇ ਹਨ ਉਹ ਹਰ ਰੋਜ਼ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਤਿੰਨੋਂ ਆਗੂ ਆਪਣੇ ਖੇਤਰ 'ਚ ਬਹੁਤ ਕਾਮਯਾਬ ਹਨ ਅਤੇ ਉਨ੍ਹਾਂ ਦੇ ਸਮਾਜ ਭਲਾਈ ਦੇ ਤਜਰਬੇ ਦਾ ਪਾਰਟੀ ਨੂੰ ਵੀ ਫਾਇਦਾ ਹੋਵੇਗਾ।

ਹੜ੍ਹਾਂ ਵਰਗੇ ਹਾਲਾਤ ਨਾਲ ਪ੍ਰਭਾਵਤ ਪਿੰਡਾਂ 'ਚ ਮੈਡੀਕਲ ਕੈਂਪ ਲਗਾਤਾਰ ਜਾਰੀ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)- ਪੰਜਾਬ ਸਰਕਾਰ ਆਮ ਲੋਕਾਂ ਨੂੰ ਮਿਆਰੀ ਸਿਹਤ ਸਹੂਲਤ ਦੇਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਕੈਬਨਿਟ ਮੰਤਰੀ ਹਰਜੋਤ ਬੈਂਸ ਵੱਲੋਂ ਆਪਣੇ ਵਿਧਾਨ ਸਭਾ ਹਲਕੇ ਦੇ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾ ਕੇ ਲੋਕਾਂ ਨੂੰ ਮੁੱਢਲੀਆਂ ਸਿਹਤ ਸਹੂਲਤਾਂ ਘਰਾਂ ਨੇੜੇ ਉਪਲੱਬਧ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਸੇ ਕੜੀ ਅਧੀਨ ਹਰੀਵਾਲ, ਚੰਦਪੁਰ, ਸ਼ਾਹਪੁਰ ਬੇਲਾ, ਮਹਿਦਲੀ ਖੁਰਦ, ਬੁਰਜ, ਗਾੱਜਪੁਰ, ਦਸਗਰਾਈ, ਲੋਦੀਪੁਰ ਵਿੱਚ ਸਿਹਤ ਚੈਕਅਪ ਕੈਂਪ ਲਗਾਏ ਗਏ। ਹੜ੍ਹਾਂ ਵਰਗੇ ਹਾਲਾਤ ਨਾਲ ਨਜਿੱਠਣ ਲਈ ਲੋਕਾਂ ਦੀ ਸਿਹਤ ਦਾ ਧਿਆਨ ਰੱਖਣ ਲਈ ਪਿੰਡਾਂ ਵਿੱਚ ਜਿੱਥੇ ਲਗਾਤਾਰ ਮੈਡੀਕਲ ਕੈਂਪ ਲਗਾ ਕੇ ਦਵਾਈ ਦਿੱਤੀ ਜਾ ਰਹੀ ਹੈ ਉੱਥੇ ਹੀ ਲੋਕਾਂ ਨੂੰ ਡੇਂਗੂ, ਮਲੇਰੀਆ ਅਤੇ ਦੂਸ਼ਿਤ ਪਾਣੀ ਨਾਲ਼ ਪੇਟ ਦੀਆਂ ਹੋਣ ਵਾਲ਼ੀਆਂ ਬਿਮਾਰੀਆਂ ਤੋਂ ਵੀ ਸਾਵਧਾਨ ਕੀਤਾ ਜਾ ਰਿਹਾ ਹੈ ਅਤੇ ਬਚਾਓ ਦੇ ਜ਼ਰੂਰੀ ਨੁਕਤੇ ਦੱਸੇ ਜਾ ਰਹੇ ਹਨ। ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਵੱਲੋਂ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਕੇ ਲੋਕਾਂ ਦੀ ਜਾਨ ਮਾਲ ਅਤੇ ਸਿਹਤ ਸੁਰੱਖਿਆਂ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ।

ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਵਲੋਂ ਲਗਾਤਾਰ ਨਿਰਦੇਸ਼ ਦਿੱਤੇ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਸਿਹਤ ਪ੍ਰਤੀ ਕੋਈ ਵੀ ਸਮੱਸਿਆ ਨਾ ਆਵੇ, ਲਗਾਤਾਰ ਇਲਾਕੇ ਵਿੱਚ ਦੌਰੇ ਕੀਤੇ ਜਾ ਰਹੇ ਹਨ ਅਤੇ ਲੋਕਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ ਅਤੇ ਹਰ ਵੇਲੇ ਸਿਹਤ ਸੇਵਾਵਾਂ ਪ੍ਰਦਾਨ ਕਰਨ ਦਾ ਭਰੋਸਾ ਦਿੱਤਾ ਜਾ ਰਿਹਾ ਹੈ।

ਮੁੱਖ ਮੰਤਰੀ ਵੱਲੋਂ ਵਿਸ਼ੇਸ਼ ਉਲੰਪਿਕ ਜੇਤੂਆਂ ਤੇ ਮੁਕਾਬਲੇਬਾਜ਼ਾਂ ਦਾ ਸਨਮਾਨ

ਚੰਡੀਗੜ੍ਹ, (ਗੁਰਜੀਤ ਬਿੱਲਾ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬਰਲਿਨ :'ਚ ਵਿਸ਼ੇਸ਼ ਉਲੰਪਿਕ ਵਰਲਡ ਸਮਰ ਖੇਡਾਂ-2023 ਦੌਰਾਨ ਨਾਮਣਾ ਖੱਟਣ ਵਾਲੇ ਅੱਠ ਵਿਸ਼ੇਸ਼ ਖਿਡਾਰੀਆਂ ਤੇ ਉਨ੍ਹਾਂ ਦੇ ਕੋਚ ਦਾ ਅੱਜ ਸਨਮਾਨ ਕੀਤਾ। ਮੁੱਖ ਮੰਤਰੀ ਨੇ ਵੱਖ-ਵੱਖ ਖੇਡ ਵਰਗਾਂ ਵਿੱਚ ਤਿੰਨ ਸੋਨ ਤਮਗੇ, ਇਕ ਚਾਂਦੀ ਅਤੇ ਚਾਰ ਕਾਂਸੀ ਦੇ ਤਮਗੇ ਜਿੱਤਣ ਵਾਲੇ ਇਨ੍ਹਾਂ ਖਿਡਾਰੀਆਂ ਨੂੰ ਮੁਬਾਰਕਬਾਦ ਦਿੱਤੀ। ਮਾਨ ਨੇ ਕਿਹਾ ਕਿ ਹਾਲ ਹੀ 'ਚ ਸਮਾਪਤ ਹੋਈਆਂ ਵਿਸ਼ੇਸ਼ ਉਲੰਪਿਕ ਵਰਲਡ ਸਮਰ ਖੇਡਾਂ 'ਚ ਭਾਰਤੀ ਦਲ ਦੇ ਵਧੀਆ ਪ੍ਰਦਰਸ਼ਨ ਵਿੱਚ ਇਨ੍ਹਾਂ ਖਿਡਾਰੀਆਂ ਨੇ ਅਹਿਮ ਭੂਮਿਕਾ ਅਦਾ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੇ ਇਨ੍ਹਾਂ ਖੇਡਾਂ 'ਚ ਭਾਗ ਲੈ ਕੇ ਆਪਣੀ ਸਖ਼ਤ ਮਿਹਨਤ ਤੇ ਸਮਰਪਣ ਨਾਲ ਸਫ਼ਲਤਾ ਦੇ ਝੰਡੇ ਗੱਡੇ। ਮਾਨ ਨੇ ਕਿਹਾ ਕਿ ਹਾਲ ਹੀ 'ਚ ਲਿਆਂਦੀ ਗਈ ਖੇਡ ਨੀਤੀ ਨਾਲ ਪੈਰਾ ਖਿਡਾਰੀਆਂ ਦੇ ਨਾਲ-ਨਾਲ ਵਿਸ਼ੇਸ਼ ਉਲੰਪਿਕਸ/ਡੈੱਫ ਤੇ ਬਲਾਇੰਡ ਖੇਡਾਂ ਦੇ ਖਿਡਾਰੀਆਂ ਤੇ ਪੈਰਾ ਖਿਡਾਰੀਆਂ ਦੀ ਭਲਾਈ 'ਤੇ ਵੱਧ ਧਿਆਨ ਦਿੱਤਾ ਗਿਆ ਹੈ। ਮੁੱਖ ਮੰਤਰੀ ਨੇ ਰੋਲਰ ਸਕੇਟਿੰਗ ਵਿੱਚ ਸੋਨੇ ਦਾ ਤਮਗਾ ਜਿੱਤਣ ਵਾਲੀ ਐਮ.ਡੀ. ਨਿਸਾਰ, ਦੋ ਕਾਂਸੀ ਦੇ ਤਮਗੇ ਜਿੱਤਣ ਵਾਲੀ ਰੇਨੂ ਅਤੇ ਇਕ ਕਾਂਸੀ ਦਾ ਤਮਗਾ ਜਿੱਤਣ ਵਾਲੀ ਸੀਤਾ ਦਾ ਸਨਮਾਨ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਰਵਾਇਤੀ ਫੁਟਬਾਲ ਮੁਕਾਬਲੇ ਵਿੱਚ ਸੋਨੇ ਦਾ ਤਮਗਾ ਜਿੱਤਣ ਵਾਲੇ ਜਤਿੰਦਰ ਸਿੰਘ ਤੇ ਹਰਜੀਤ ਸਿੰਘ, ਬਾਸਕਿਟਬਾਲ ਵਿੱਚ ਚਾਂਦੀ ਦਾ ਤਮਗਾ ਜਿੱਤਣ ਵਾਲੀ ਪ੍ਰਿਆ ਦੇਵੀ, ਯੂਨੀਫਾਈਡ ਫੁਟਬਾਲ ਵਿੱਚ ਕਾਂਸੀ ਦਾ ਤਮਗਾ ਜਿੱਤਣ ਵਾਲੀ ਜਯੋਤੀ ਕੌਰ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਵਿਸ਼ੇਸ਼ ਮੁੱਖ ਸਕੱਤਰ ਸਰਵਜੀਤ ਸਿੰਘ, ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਰਵੀ ਭਗਤ ਅਤੇ ਕੁਮਾਰ ਅਮਿਤ ਹਾਜ਼ਰ ਸਨ।

ਲਾਇਲਪੁਰ ਖ਼ਾਲਸਾ ਕਾਲਜ ਦੇ ਐੱਮ ਏ ਪੋਲੀਟੀਕਲ ਸਾਇੰਸ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ

ਜਲੰਧਰ- (ਸ਼ੈਲੀ ਐਲਬਰਟ)-: ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਐਮ.ਏ. ਪੋਲੀਟੀਕਲ ਸਾਇੰਸ ਚੌਥਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਵਿਦਿਆਰਥਣ ਲਿਵਪ੍ਰੀਤ ਨੇ 1600 ਵਿਚੋਂ 1381 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ ਵਿਚੋਂ ਪਹਿਲਾ ਸਥਾਨ, ਬ੍ਰਹਮਸੋਵਕ ਸਿੰਘ ਨੇ 1374 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ, ਜਸਪ੍ਰੀਤ ਕੌਰ ਨੇ 1323 ਅੰਕ ਪ੍ਰਾਪਤ ਕਰਕੇ ਪੰਜਵਾਂ ਅਤੇ ਚਰਨਜੀਤ ਕੌਰ ਤੇ ਦੀਪਕ ਬੈਂਸ ਨੇ 1300 ਅੰਕ ਪ੍ਰਾਪਤ ਕਰਕੇ ਸਾਂਝੇ ਰੂਪ ਵਿਚ ਨੌਵਾਂ ਸਥਾਨ ਹਾਸਲ ਕੀਤਾ। ਇਸੇ ਕਲਾਸ ਦੀ ਵਿਦਿਆਰਥਣ ਪ੍ਰਿੰਕਲ ਨੇ 1291 ਅੰਕ, ਸੋਨੀਆ ਨੇ 1259 ਅੰਕ, ਸਨਮਦੀਪ ਸਿੰਘ ਨੇ 1250 ਅੰਕ, ਮਨਪ੍ਰੀਤ ਕੌਰ ਨੇ 1244 ਅੰਕ, ਕਿਰਨਾ ਰਾਣੀ ਨੇ 1233 ਅੰਕ, ਸੁਖਮਿੰਦਰ ਕੌਰ ਨੇ 1226 ਅੰਕ ਅਤੇ ਰਾਜਦੀਪ ਸੰਧੂ ਨੇ 1211 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿਚੋਂ ਡਿਸਟਿੰਕਸ਼ਨ ਪ੍ਰਾਪਤ ਕੀਤੀ । ਇਸ ਮੌਕੇ ਤੇ ਵਿਭਾਗ ਦੇ ਮੁਖੀ ਡਾ. ਅਨੂ ਮੂਮ, ਡਾ. ਅਜੀਤਪਾਲ ਸਿੰਘ ਅਤੇ ਪ੍ਰੋ. ਜਗਦੀਪ ਸਿੰਘ ਤੋਂ ਇਲਾਵਾ ਵਿਭਾਗ ਦੇ ਸਾਬਕਾ ਮੁਖੀ ਪ੍ਰੋ. ਮਨਪ੍ਰੀਤ ਕੌਰ ਵੀ ਹਾਜ਼ਰ ਸਨ।

ਲੀਗਲ ਏਡ ਡਿਫੈਂਸ ਕੌਂਸਲ ਸਿਸਟਮ ਦਾ ਦਫਤਰ ਸਥਾਪਤ

ਹੁਸ਼ਿਆਰਪੁਰ, :(ਓ ਪੀ ਰਾਣਾ)-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ.ਨਗਰ (ਮੁਹਾਲੀ) ਤੋਂ ਪ੍ਰਾਪਤ ਹੋਏ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵਲੋਂ ਨਵੇਂ ਜ਼ਿਲ੍ਹਾ ਅਤੇ ਸੈਸ਼ਨ ਕੋਰਟ ਕੰਪਲੈਕਸ ਵਿਖੇ ਲੀਗਲ ਏਡ ਡਿਫੈਂਸ ਕੌਂਸਲ ਸਿਸਟਮ ਦੇ ਦਫਤਰ ਦਾ ਉਦਘਾਟਨ ਪੈਟਰਨ-ਇਨ-ਚੀਫ ਰਵੀ ਸ਼ੰਕਰ ਝਾਅ ਮੁੱਖ ਜੱਜ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ, ਮਿਸਟਰ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਕਾਰਜਕਾਰੀ ਚੇਅਰਮੈਨ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ,ਚੰਡੀਗੜ੍ਹ ਵਲੋਂ ਵੀਡਿਓ ਕਾਨਫਰੰਸ ਰਾਹੀਂ ਕੀਤਾ ਗਿਆ। ਇਸ ਮੌਕੇ ਮਨਜਿੰਦਰ ਸਿੰਘ ਮੈਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਮਾਨਯੋਗ ਸਮ੍ਰਿਤੀ ਧੀਰ ਵਧੀਕ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ ਨਗਰ ਵੀ ਸ਼ਾਮਿਲ ਸਨ। ਇਸ ਮੌਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਲੀਗਲ ਏਡ ਡਿਫੈਂਸ ਕੌਂਸਲ ਸਿਸਟਮ ਦੇ ਦਫਤਰ ਦੀ ਸਥਾਪਨਾ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦਿਲਬਾਗ ਸਿੰਘ ਜੌਹਲ ਅਤੇ ਚੀਫ ਜੂਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਪਰਾਜਿਤਾ ਜੋਸ਼ੀ ਦੇ ਸਨਮੁੱਖ ਹੋਈ। ਲੀਗਲ ਏਡ ਡਿਫੈਂਸ ਕੌਂਸਲ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇਕ ਚੀਫ ਲੀਗਲ ਏਡ ਡਿਫੈਂਸ ਕੌਂਸਲ, ਤਿੰਨ ਡਿਪਟੀ ਲੀਗਲ ਏਡ ਡਿਫੈਂਸ ਕੌਂਸਲ ਅਤੇ ਦੋ ਸਹਾਇਕ ਲੀਗਲ ਏਡ ਡਿਫੈਂਸ ਕੌਂਸਲ ਨਿਯੁਕਤ ਕੀਤੇ ਗਏ ਹਨ। ਜਿਸ ਤਰ੍ਹਾਂ ਫੌਜਦਾਰੀ ਕੇਸਾਂ ਵਿਚ ਸਟੇਟ ਵਲੋਂ ਜ਼ਿਲ੍ਹਾ ਅਟਾਰਨੀ, ਡਿਪਟੀ ਜ਼ਿਲ੍ਹਾ ਅਟਾਰਨੀ ਅਤੇ ਸਹਾਇਕ ਜ਼ਿਲ੍ਹਾ ਅਟਾਰਨੀ ਪੈਰਵੀ ਲਈ ਪੇਸ਼ ਹੁੰਦੇ ਹਨ।

ਉਸੇ ਤਰ੍ਹਾਂ ਹੀ ਦੋਸ਼ੀਆਂ ਦੇ ਕੇਸਾਂ ਦੀ ਪੈਰਵੀ ਕਰਨ ਲਈ ਚੀਫ ਲੀਗਲ ਏਡ ਡਿਫੈਂਸ ਕੌਂਸਲ, ਡਿਪਟੀ ਲੀਗਲ ਏਡ ਡਿਫੈਂਸ ਕੌਂਸਲ ਅਤੇ ਸਹਾਇਕ ਲੀਗਲ ਏਡ ਡਿਫੈਂਸ ਕੌਂਸਲ ਨਿਯੁਕਤ ਕੀਤੇ ਗਏ ਹਨ।

ਖੀਰ ਤੇ ਜਲੇਬੀਆਂ ਦਾ ਲੰਗਰ ਲਗਾਇਆ

ਮੋਰਿੰਡਾ (ਜੈਜੀ ਸਰਦਾਰ) ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਾਤਾ ਨੈਣਾ ਦੇਵੀ ਜੀ ਦੇ ਦਰਸ਼ਨਾਂ ਲਈ ਜਾ ਰਹੀ ਸੰਗਤਾਂ ਲਈ ਕਈ ਰੋਜ ਤੋਂ ਲੰਗਰ ਚੱਲ ਰਿਹਾ ਹੈ । ਪਹਿਲੇ ਨਵਰਾਤਰੇ ਨੂੰ ਸਵੇਰ ਤੋਂ ਖੀਰ ਅਤੇ ਜਲੇਬੀਆਂ ਦਾ ਲੰਗਰ ਚਲਾਇਆ ਗਿਆ। ਇਹ ਲੰਗਰ ਰਾਮ ਜੀ ਦਾਸ ਧੀਮਾਨ ਸਰਪ੍ਰਸਤ ਸ੍ਰੀ ਵਿਸ਼ਵਕਰਮਾ ਸਭਾ ਕਾਇਨੌਰ ਤੇ ਅਨਿਲ ਧੀਮਾਨ ਕਲਾਸਿਕ ਫਰਨੀਚਰ ਮੋਰਿੰਡਾ ਤੇ ਸੰਗਤਾਂ ਦੇ ਸਹਿਯੋਗ ਨਾਲ ਲਗਾਇਆ ਜਾਂਦਾ ਹੈ। ਇਸ ਮੌਕੇ ਅੱਜ ਮਾਤਾ ਦੇ ਲੰਗਰ ਵਿੱਚ ਹਾਜਰੀ ਲਗਵਾਉਣ ਗੁਰਪ੍ਰੀਤ ਸਿੰਘ ਪੀ ਸਾਬਕਾ ਵਿਧਾਇਕ ਬੱਸੀ ਪਠਾਣਾਂ, ਜਸਵਿੰਦਰ ਸਿੰਘ ਕੋਹਲੀ ਸਾ. ਸਕੱਤਰ ਕਾਂਗਰਸ ਸੇਵਾ ਦਲ ਪੰਜਾਬ, ਚਰਨਜੀਤ ਸਿੰਘ ਚੰਨੀ ਡੇਅਰੀ, ਕੁਲਵਿਦਰ ਸਿੰਘ ਸਾਬਕਾ ਐਮ ਸੀ, ਮਹਿੰਦਰ ਸਿੰਘ ਢਿੱਲੋਂ ਸਾਬਕਾ ਐਮ ਸੀ, ਮਨਿੰਦਰ ਸਿੰਘ ਮਾਨਖੇੜੀ, ਬਲਵਿੰਦਰ ਸਿੰਘ, ਕਿਸ਼ਨਾ,ਅਭਿੰਨਦਨ ਆਦਿ ਹਾਜਰ ਸਨ।

ਅਮਰਦੀਪ ਕਾਲਜ ਮੁਕੰਦਪੁਰ 'ਚ ਆਮ ਗਿਆਨ ਦੀ ਪ੍ਰਤੀਯੋਗਿਤਾ ਕਰਵਾਈ

ਬਿਹਰਾਮ (ਅਵਤਾਰ ਕਲੇਰ) ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਮੁਕੰਦਪੁਰ ਵਿਖੇ ਆਮ ਗਿਆਨ ਦੀ ਲਿਖਤੀ ਪ੍ਰਤੀਯੋਗਤਾ ਕਰਵਾਈ ਗਈ। 25 ਅੰਕਾਂ ਦੇ ਅਧਾਰਿਤ 25 ਸਵਾਲਾਂ ਵਾਲੀ ਇਸ ਪ੍ਰੀਖਿਆ ਵਿੱਚ ਕਾਲਜ ਦੀਆਂ ਵੱਖ - ਵੱਖ ਜਮਾਤਾਂ ਦੇ 25 ਵਿਦਿਆਰਥੀਆਂ ਨੇ ਭਾਗ ਲਿਆ। ਪ੍ਰੀਖਿਆ ਦਾ ਉਪਰਾਲਾ ਸਮਾਜਿਕ ਸਾਂਝ ਸੰਸਥਾ ਬੰਗਾ ਵਲੋਂ ਕੀਤਾ ਗਿਆ। ਇਸ ਪ੍ਰੀਖਿਆ ਵਿੱਚ ਬੀ ਏ ਦੀ ਵਿਦਿਆਰਥਣ ਕੰਚਨ ਨਰ ਨੇ ਪਹਿਲਾ ਸਥਾਨ ਹਾਸਲ ਕੀਤਾ। ਜਦੋਂ ਕਿ ਐਮ ਸੀ ਏ ਦੇ ਵਿਦਿਆਰਥੀ ਰਾਜ ਕੁਮਾਰ ਅਤੇ ਬੀ ਕਾਮ ਦੀ ਵਿਦਿਆਰਥਣ ਸਤਵਿੰਦਰ ਕੌਰ ਕ੍ਰਮਵਾਰ ਦੂਜੇ ਅਤੇ ਤੀਜੇ ਸਥਾਨ 'ਤੇ ਰਹੇ। ਇਹਨਾਂ ਨੂੰ ਯਾਦਗਾਰੀ ਚਿੰਨ੍ਹ, ਪ੍ਰਮਾਣ ਪੱਤਰ ਅਤੇ ਫੁੱਲ ਮਲਾਵਾਂ ਨਾਲ ਸਨਮਾਨਿਤ ਕੀਤਾ ਗਿਆ। ਇਨਾਮਾਂ ਦੀ ਵੰਡ ਡਾ. ਬਖਸ਼ੀਸ਼ ਸਿੰਘ ਸੰਸਥਾਪਕ ਕਰਨ ਹਸਪਤਾਲ ਬੰਗਾ ਅਤੇ ਪ੍ਰਿੰਸੀਪਲ ਸ਼ਮਸ਼ਾਦ ਅਲੀ ਅਮਰਦੀਪ ਮੈਮੋਰੀਅਲ ਕਾਲਜ ਮੁਕੰਦਪੁਰ ਨੇ ਸਾਂਝੇ ਤੌਰ 'ਤੇ ਕੀਤੀ। ਸਮਾਜਿਕ ਸਾਂਝ ਸੰਸਥਾ ਬੰਗਾ ਦੇ ਪ੍ਰਧਾਨ ਹਰਮਿੰਦਰ ਸਿੰਘ ਤਲਵੰਡੀ ਅਤੇ ਪ੍ਰੀਖਿਆ ਦੇ ਯੋਜਨਾਕਾਰ ਸੁਰਜੀਤ ਮਜਾਰੀ ਨੇ ਕਿਹਾ ਕਿ ਇਸ ਪ੍ਰੀਖਿਆ ਦਾ ਮਿਸ਼ਨ ਵਿਦਿਆਰਥੀਆਂ ਨੂੰ ਜਨ ਜੀਵਨ 'ਚ ਵਿਚਰਦਿਆਂ ਆਪਣੇ ਆਲੇ ਦੁਆਲੇ ਦੀ ਜਾਣਕਾਰੀ ਨਾਲ ਜੋੜਣਾ ਹੈ। ਉਹਨਾਂ ਜਾਣਕਾਰੀ ਦਿੱਤੀ ਕਿ ਉਹ ਸੰਸਥਾ ਦੇ ਬੈਨਰ ਹੇਠ ਇਸ ਮਿਸ਼ਨ ਤਹਿਤ ਇਲਾਕੇ ਦੇ ਵੱਖ ਵੱਖ 25 ਵਿੱਦਿਅਕ ਅਦਾਰਿਆਂ ਵਿੱਚ ਜਾਣ ਦਾ ਟੀਚਾ ਮਿੱਥਾ ਗਿਆ ਹੈ। ਮੰਚ ਦਾ ਸੰਚਾਲਨ ਡਾ. ਨਿਰਦੇਸ਼ ਕੌਰ ਨੇ ਨਿਭਾਇਆ। ਇਸ ਮੌਕੇ ਡਾ. ਚਰਨਜੀਤ ਕੌਰ, ਡਾ. ਮਨਦੀਪ ਕੌਰ, ਮੈਡਮ ਪਰਵੀਨ ਕੁਮਾਰੀ, ਪ੍ਰੋ. ਭਜਨ ਸਿੰਘ ਸ਼ਾਮਲ ਸਨ।

ਪਿਪਸ ਵਿਖੇ ਧੂਮਧਾਮ ਨਾਲ ਮਨਾਏ ਅਜ਼ਾਦੀ ਦ